ਪੰਜਾਬ ਦੇ ਮੇਲੇ ਤੇ ਤਿਉਹਾਰ ਉਥੋਂ ਦੇ ਮੌਸਮ ਦੇ ਅਧਾਰ ਤੇ ਮਨਾਏ ਜਾਂਦੇ ਹਨ। ਮੌਸਮ ਦੇ ਨਾਲ ਨਾਲ ਫਸਲ ਪਕੱਣ ਤੇ ਕਟੱਣ ਦੇ ਇੰਤਜਾਰ ਵਿਚ ਤੇ ਫਿਰ ਕਟਾਈ ਖਤਮ ਹੋਣ ਤੇ ਮਨਾਏ ਜਾਂਦੇ ਹਨ ਕਈ ਮੇਲੇ ਤੇ ਤਿਉਹਾਰ ਮਿਥਿਹਾਸਕ ਕਹਾਣੀਆਂ ਤੇ ਅਧਾਰਤ ਹਨ। ਕਈ ਚੰਦਰਮੇ, ਤਾਰਿਆਂ ਤੇ ਗ੍ਰਹਿਨਾਂ ਦੇ ਬਦਲਣ ਤੇ ਮਨਾਏ ਜਾਂਦੇ ਹਨ। ਸੁਣਨ ਵਿਚ ਆਇਆ ਹੈ ਕਿ ਭਾਰਤ ਵਿਚ ਸਾਰਾ ਸਾਲ (365 ਦਿਨਾਂ ਵਿਚ) ਹਰ ਰੋਜ਼ ਇੱਕ ਤਿਉਹਾਰ ਮਨਾਇਆ ਜਾਂਦਾ ਹੈ। ਇਨਾਂ ਤਿਉਹਾਰਾਂ ਵਿਚੋਂ ਹੀ ਇਕ ਮਸ਼ਹੂਰ ਤਿਉਹਾਰ ਹੋਲੀ ਦਾ ਵੀ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਮਾਰਚ ਦੇ ਸ਼ੁਰੂ ਵਿਚ ਹੀ ਪੂਰਨਮਾਸ਼ੀ ਤੋਂ ਬਾਅਦ ਬਸੰਤ ਰੁੱਤੇ ਖਿੜ ਰਹੇ ਫੁੱਲਾਂ ਦੀ ਬਹਾਰ ਤੇ ਹਰੇ ਭਰੇ ਖੇਤ ਹਵਾ ਨਾਲ ਝੂਲਦਿਆਂ ਦੀ ਕਟਾਈ ਵੇਲੇ ਮਨਾਇਆ ਜਾਂਦਾ ਹੈ। ਹੋਲੀ ਦਾ ਤਿਉਹਾਰ ਕਈ ਪ੍ਰਾਂਤਾਂ ਵਿਚ ਤਾਂ ਕਿੰਨੇ ਕਿੰਨੇ ਦਿਨ ਹੀ ਮਨਾਇਆ ਜਾਂਦਾ ਹੈ ਪਰ ਪੰਜਾਬ ਵਿਚ ਤਾਂ ਇਕ ਦਿਨ ਵਾਸਤੇ ਹੀ ਹੁੰਦਾ ਹੈ ਤੇ ਦੂਸਰੇ ਦਿਨ ਹੋਲਾ ਮਹੱਲਾ ਹੁੰਦਾ ਹੈ। ਇਹ ਦਿਨ ਬਹੁਤ ਹੀ ਖੁਸ਼ੀ ਭਰਿਆ ਤੇ ਖਿੜਿਆ ਖਿੜਿਆ ਹੁੰਦਾ ਹੈ। ਲੋਕ ਗਲੀਆਂ ਵਿਚ ਇਧਰ ਉਧਰ ਨੱਠਦੇ ਫਿਰਦੇ ਹਨ। ਇਸ ਵਿਚ ਹਰ ਉਮਰ ਦੇ ਲੋਕ ਬੱਚੇ, ਗਭਰੂ, ਕੁੜੀਆਂ, ਨਾਨੇ ਨਾਨੀਆਂ, ਦਾਦੇ ਦਾਦੀਆਂ, ਅਮੀਰ, ਗਰੀਬ ਹਰ ਤਰਾਂ ਨਾਲ ਹਿੱਸਾ ਲੈਂਦੇ ਹਨ। ਅੱਡ ਅੱਡ ਤਰਾਂ ਦੇ ਚਮਕਦੇ ਰੰਗ ਜਿਵੇਂ ਕਿ ਗੁਲਾਲ ਇਕ ਦੂਸਰੇ ਦੇ ਮੂੰਹਾਂ ਉਤੇ ਮੱਲ ਦਿੰਦੇ ਹਨ। ਛੋਟੇ ਛੋਟੇ ਬੱਚੇ ਪਿਚਕਾਰੀਆਂ ਲੈ ਕੇ ਅੱਡ ਅੱਡ ਰੰਗਾਂ ਨਾਲ ਭਰ ਕੇ ਰਾਹ ਜਾਂਦਿਆ ਤੇ ਪਾਉਂਦੇ ਹਨ। ਇਸ ਦਿਨ ਸਭ ਦੋਸਤ ਮਿਤੱਰ, ਰਿਸ਼ਤੇਦਾਰ ਇੱਕਠੇ ਹੋ ਜਾਂਦੇ ਹਨ ਤੇ ਇੱਕਠੇ ਹੋ ਕੇ ਖਾਣ ਵੇਲੇ ਵੀ ਮਨੋਰੰਜਨ ਕਰਦੇ ਹਨ। ਇਹ ਵੀ ਇਕ ਬਹੁਤ ਹੀ ਦਿਲਚਸਪ ਤਿਉਹਾਰ ਹੁੰਦਾ ਹੈ। ਹੋਲੀ ਦਾ ਤਿਉਹਾਰ ਇਕ ਮਿਥਿਹਾਸਕ ਕਹਾਣੀ ਤੇ ਅਧਾਰਤ ਮਨਾਇਆ ਜਾਂਦਾ ਹੈ, ਜਿਸ ਵਿਚ ਇਕ ਵਾਰੀ ਇੱਕ ਰਾਜਾ ਹਰਨਾਕਸ਼ਿਪੂ ਜੋ ਕਿ ਪ੍ਰਮਾਤਮਾ ਉਪਰ ਬਿਲਕੁਲ ਵਿਸ਼ਵਾਸ਼ ਨਹੀਂ ਸੀ ਕਰਦਾ ਪਰ ਉਸਦਾ ਪੁਤੱਰ ਪਹਿਰਲਾਦ ਉਸ ਦੇ ਉਲਟ ਪੱਕਾ ਵਿਸ਼ਨੂੰ ਦਾ ਭਗਤ ਸੀ ਜੋ ਕਿ ਉਸ ਦੇ ਪਿਤਾ ਹਰਨਾਕਸ਼ਿਪੂ ਨੂੰ ਬਿਲਕੁਲ ਪਸੰਦ ਨਹੀਂ ਸੀ ਉਸਨੇ ਪਹਿਰਲਾਦ ਨੂੰ ਮਾਰਨ ਲਈ ਅਨੇਕਾਂ ਹੀ ਯਤਨ ਕੀਤੇ ਪਰ ਨਾ ਕਾਮਯਾਬੀ ਦਾ ਮੂੰਹ ਦੇਖਣਾ ਪਿਆ ਪਰ ਪਹਿਰਲਾਦ ਆਪਣੇ ਵਿਸ਼ਵਾਸ਼ ਤੋਂ ਨਾ ਹਿਲਿਆ। ਰਾਜਾ ਹਰਨਾਕਸ਼ਿਪੂ ਦੀ ਇਕ ਭੈਣ ਸੀ ਜਿਸ ਦਾ ਨਾਂ "ਹੋਲਿਕਾ" ਸੀ ਜੋ ਕਿ ਮਸ਼ਹੂਰ ਸੀ ਕਿ ਉਹ ਅੱਗ ਵਿਚ ਨਹੀਂ ਮਚਦੀ ਰਾਜੇ ਨੇ ਇਕ ਯੋਜਨਾ ਬਣਾਈ ਕਿ ਕਿਉਂ ਨਾ ਹੋਲਿਕਾ ਨੂੰ ਅੱਗ ਵਿਚ ਬਿਠਾ ਕੇ ਪਹਿਰਲਾਦ ਨੂੰ ਉਸਦੀ ਗੋਦੀ ਵਿਚ ਬਿਠਾ ਦਿਤਾ ਜਾਵੇ ਤੇ ਅੱਗ ਲਾ ਦਿਤੀ ਜਾਵੇ ਪਰ ਹੋਇਆ ਉਲਟ। ਰਾਜਾ ਕੀ ਦੇਖਦਾ ਹੈ ਕਿ ਹੋਲਿਕਾ ਤਾਂ ਮੱਚ ਕੇ ਸੁਆਹ ਹੋ ਰਹੀ ਹੈ ਤੇ ਪਹਿਰਲਾਦ ਦਾ ਵਾਲ ਵੀ ਵਿੰਗਾ ਨਹੀਂ ਹੋ ਰਿਹਾ ਹੈ। ਪਹਿਰਲਾਦ ਬਿਲਕੁਲ ਠੀਕ ਠਾਕ ਬਾਹਰ ਆ ਜਾਂਦਾ ਹੈ। ਇਸ ਤੋਂ ਬਾਅਦ ਇਹ ਤਿਉਹਾਰ ਮਨਾਇਆ ਜਾਣ ਲਗਾ ਹਿੰਦੂ ਧਰਮ ਵਿੱਚ ਇਸ ਕਹਾਣੀ ਤੇ ਅਧਾਰਤ ਮਨਾਇਆ ਜਾਂਦਾ ਹੈ।

ਹੋਲੀ ਤੋਂ ਅਗਲੇ ਦਿਨ ਹੋਲਾ ਮੁੱਹਲਾ ਆਉਂਦਾ ਹੈ ਜੋ ਕਿ ਇੱਕ ਧਾਰਮਿਕ ਮੇਲਾ ਹੁੰਦਾ ਹੈ। ਇਸ ਦਿਨ ਗੁਰੂ ਗੋਬਿੰਦ ਸਿੰਘ ਜੀ(ਜੋ ਕਿ ਸਿਖਾਂ ਦੇ ਦਸਵੇਂ ਗੁਰੂ ਸਨ) ਨੇ ਕਾਫੀ ਤਬਦੀਲੀਆਂ ਲਿਆ ਕੇ ਇਹ ਇਛਾ ਕੀਤੀ ਸੀ ਕਿ ਹਰ ਇੱਕ ਨੂੰ ਖੁਲੀ ਇਜਾਜਤ ਹੋਵੇ ਕਿ ਇਨਾਂ ਭੇਦ ਭਾਵਾਂ, ਜਾਤਾਂ ਪਾਤਾਂ ਤੇ ਵਹਿਮਾਂ ਭਰਮਾਂ ਨੂੰ ਮੁਕਾ ਕੇ ਇੱਕਠੇ ਹੋ ਕੇ ਮਨਾਇਆ ਜਾਵੇ। ਹੋਲੇ ਮੁੱਹਲੇ ਉਪਰ ਹਜਾਰਾਂ ਦੀ ਗਿਣਤੀ ਵਿੱਚ ਇੱਕਠੇ ਹੋ ਕੇ ਅਨੰਦਪੁਰ ਸਾਹਿਬ ਵਿਖੇ ਜਾਂਦੇ ਹਨ। ਕਈ ਪ੍ਰਮਾਤਮਾ ਤੇ ਭਗਤ ਗੁਰੂ ਜੀ ਦੀ ਬਣਾਈ ਹੋਈ ਨੀਲੀ ਵਰਦੀ ਪਾ ਕੇ ਮਾਰਚ ਕਰਦੇ ਜਾਂਦੇ ਹਨ ਜੋ ਕਿ ਬਹੁਤ ਹੀ ਰੰਗ ਬਿਰੰਗੇ ਲਗਦੇ ਹਨ। ਅਨੰਦਪੁਰ ਵਿਖੇ ਲੰਗਰ ਦੀ ਸੇਵਾ, ਰਸੋਈ ਘਰ ਵਿਚ ਸੇਵਾ, ਭਾਂਡਿਆਂ ਨੂੰ ਧੋਣ ਦੀ ਸੇਵਾ, ਜੁੱਤੀਆਂ ਨੂੰ ਸਾਫ ਕਰਨ ਦੀ ਸੇਵਾ ਤੇ ਗੁਰਦੁਆਰੇ ਤੇ ਉਸਦੇ ਆਲੇ ਦੁਆਲੇ ਦੀ ਸਫਾਈ ਕੀਤੀ ਜਾਂਦੀ ਹੈ। ਹਰ ਤਰਾਂ ਦੇ ਲੋਕ ਅਮੀਰ ਤੇ ਗਰੀਬ ਜਿੰਨੀ ਵੀ ਮਾਇਆ ਦੇ ਸਕਦੇ ਹਨ ਭੇਟ ਕਰਦੇ ਹਨ। ਹੋਲਾ ਮੁੱਹਲਾ ਬਹੁਤਾ ਤਾਂ ਸਿਖਾਂ ਦਾ ਹੀ ਮੇਲਾ ਹੈ ਇਕੱਠੇ ਹੋ ਕੇ ਜਾਪ ਕਰਦੇ ਹਨ ਤੇ ਅਰਦਾਸਾਂ ਕਰਦੇ ਹਨ ਤੇ ਪ੍ਰਮਾਤਮਾ ਤੋਂ ਸ਼ੁਭ ਇਛਾਵਾਂ ਦੀ ਇੱਛਾ ਕਰਦੇ ਹਨ ਇਹ ਦਿਨ ਇਕ ਇਤਿਹਾਸ ਦੀ ਤਬਦੀਲੀ ਸੀ ਜਿਸ ਵਿਚ ਗੁਰੂ ਜੀ ਦੀ ਇੱਛਾ ਸੀ ਕਿ ਸਚਾਈ ਰੂਪੀ ਵਿਚਾਰ ਹੋਣੇ ਚਾਹੀਦੇ ਹਨ ਜੋ ਆਮਤੌਰ ਤੇ ਕੌਮ ਲਈ ਫਾਇਦੇਮੰਦ ਹੋਣ। ਇਸ ਤਰਾਂ ਗੁਰੂ ਜੀ ਨੇ ਕਈ ਗਲਾਂ ਨੂੰ ਮੁਖ ਰਖਦਿਆਂ ਇਸ ਤਿਉਹਾਰ ਨੂੰ ਸਚਾਈ ਦਾ ਰੂਪ ਦਿਤਾ ਜਾਤ ਪਾਤਾਂ ਤੇ ਉਚ ਨੀਚ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ।

ਸੋ ਕਨੇਡਾ ਵਿਚ ਤਾਂ ਹੋਲੀ ਦਾ ਤਿਉਹਾਰ ਤਾਂ ਘੱਟ ਹੀ ਮਨਾਇਆ ਜਾਂਦਾ ਹੈ ਪਰ ਗੁਰਦੁਆਰਿਆਂ ਵਿਚ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਪਰ ਅਸੀਂ ਇਸ ਬਸੰਤ ਦੀ ਰੁੱਤੇ ਇਸ ਨੂੰ ਯਾਦ ਜਰੂਰ ਕਰ ਲੈਂਦੇ ਹਾਂ।

ਹੋਲੀ ਦਾ ਤਿਉਹਾਰ ਬਸੰਤ ਰੁੱਤੇ ਮਨਾਈਏ
ਪਿਆਰ ਭਰੇ ਰੰਗ ਇੱਕ ਦੂਜੇ ਉਪਰ ਪਾਈਏ।

ਰੰਗ ਬਰੰਗੀ ਦੁਨੀਆਂ ਨੂੰ ਹੱਸ ਕੇ ਵਿਖਾਈਏ
ਆਪ ਹੱਸ ਕੇ ਦੂਜਿਆਂ ਨੂੰ ਹੱਸਾਈਏ।

ਸ਼ੱਕ

ਜਸਪਾਲ ਬੈਂਸ

ਸ਼ੱਕ ਇਕ ਇਸ ਤਰ੍ਹਾਂ ਦੀ ਚੀਜ਼ ਹੈ ਜੋ ਕਿ ਆਪਾ ਸਾਰੇ ਹੀ ਪੈਰ ਪੈਰ ਤੇ ਕਰਦੇ ਹਾਂ। ਸ਼ੱਕ ਕਿਸੇ ਵੇਲੇ ਤੇ, ਕਿਸੇ ਤੇ ਵੀ ਹੋ ਸਕਦਾ ਹੈ। ਜੇ ਸ਼ੱਕ ਦੇ ਮੁਕਾਬਲੇ ਵਿਚ ਪਿਆਰ, ਨੂੰ ਲਈਏ ਤਾਂ ਆਪਾਂ ਬਹੁਤ ਹੀ ਘਟ ਗਿਣਤੀ ਵਿਚ ਹਾਂ। ਸ਼ੱਕ ਕਰਨ ਤੋਂ ਆਪਾਂ ਘੱਟ ਨਹੀਂ ਕਰਦੇ। ਕਦੇ ਕਿਸੇ ਦੇ ਜੰਮਣ ਤੇ, ਮਰਨ ਤੇ ਪਿਆਰ ਤੇ, ਲੜਾਈ ਤੇ ਜਾਣੀ ਕਿ ਸਾਰੇ ਪਾਸੇ ਹੀ। ਫਿਰ ਸ਼ੱਕ ਪ੍ਰੀਵਾਰ ਤੇ, ਰਿਸ਼ਤੇਦਾਰਾਂ ਤੇ ਦੋਸਤੀ ਤੇ ਮੁਕਦੀ ਗੱਲ ਆਂਢੀ ਗੁਆਂਢੀ ਜਿਹੜੇ ਕਿ ਤੀਸਰੇ ਪਰਸਨ ਹਨ। ਸ਼ੱਕ ਇਕ ਮਿੰਟ ਲਈ ਨਹੀਂ, ਦਿਨ ਲਈ ਨਹੀਂ, ਸਾਲ ਲਈ ਨਹੀਂ ਪਰ ਕਈ ਵਾਰ ਉਮਰਾਂ ਦੇ ਹੀ ਬਣ ਜਾਂਦੇ ਹਨ। ਮੇਰਾ ਸ਼ੱਕ ਇੱਕ ਦਿਨ ਤੇ ਹੈ, ਜੋ ਕਿ ਸਵੇਰ ਤੋਂ ਲੈ ਰਾਤ ਤੱਕ ਚਲਦਾ ਹੈ।

ਅੱਜ ਜਦੋਂ ਰਾਤ ਮੈਂ ਕੰਮ ਤੋਂ ਲੋਟਆਈ ਥੱਕੀ ਹੋਈਬਿਸਤਰੇ ਵਿਚ ਪੈਂਦੀ ਨੂੰ ਨੀਂਦ ਆਈ, ਤੇ ਨੀਂਦ ਵੀ ਇਤਨੀ ਜਿਆਦਾ ਕਿ ਮੈਂ ਸਵੇਰੇ ਹਰ ਰੋਜ਼ ਨਾਲੋਂ ਅੱਜ ਥੋੜੀ ਜਿਹੀ ਲੇਟ ਹੀ ਉਠੀ। ਉਠਦੀ ਨੇ ਹੀ ਕੀ ਦੇਖਿਆ ਕਿ ਮਾਂ ਪੁਤ ਗੱਲਾਂ ਕਰ ਰਹੇ ਹਨ। ਮਨ ਵਿਚ ਸ਼ੱਕ ਹੋਇਆ, ਕਿ ਜ਼ਰੂਰ ਹੀ ਮੇਰੀਆਂ ਗੱਲਾਂ ਚੱਲ ਰਹੀਆਂ ਹਨ। ਸ਼ੱਕ ਨੂੰ ਮਨ ਵਿਚ ਲੈ ਕੇ ਬੀਜੀ (ਸੱਸ) ਦੇ ਪੈਰੀ ਹੱਥ ਨਹੀਂ ਲਾਏ ਤੇ ਘਰਵਾਲੇ ਨੂੰ ਗੁਡ ਮਾਰਨੀਂਗ ਨਹੀਂ ਕੀਤੀ। ਪਰ ਜੇ ਮੈਂ ਸ਼ੱਕ ਨੂੰ ਮਨ ਵਿਚ ਨਾ ਲੈਂਦੀ ਤਾਂ ਸਾਰਿਆਂ ਨੂੰ ਹੀ ਬੁਲਾਉਂਦੀ। ਆਪਾ ਸਾਰੇ ਹੀ ਸ਼ੱਕ ਵਿਚ ਫੋਤੀ ਹੀ ਪੈ ਜਾਂਦੇ ਹਾਂ, ਭਾਵੇਂ ਸ਼ੱਕ ਦੀ ਅਸਲੀਅਤ ਦਾ ਪਤਾ ਲਗ ਹੀ ਵੀ ਜਾਵੇ ਪਰ ਫਿਰ ਵੀ ਸ਼ੱਕ, ਸ਼ੱਕ ਵਿਚ ਹੀ ਰਹਿ ਜਾਂਦਾ ਹੈ। ਮੁੰਡੇ ਨੇ ਕਹਿ ਦਿਤਾ ਕਿ ਅੱਜ ਮੈਂ ਸਕੂਲ ਪਹਿਲਾਂ ਜਾਣਾ ਹੈ ਜਾ ਕੇ ਕੌਂਸਲਰ ਦੇ ਨਾਲ ਆਪਣੀ ਪੜਾਈ ਬਾਰੇ ਗਲ ਕਰਨੀ ਹੈ, ਪਰ ਮੇਰੇ ਮਨ ਵਿਚ ਫਿਰ ਸ਼ੱਕ ਆਇਆ ਕਿ ਇਕ ਬਹਾਨਾ ਹੈ, ਜ਼ਰੂਰ ਫਿਰਨ ਤੁਰਨਾ ਹੈ। ਇਸ ਸ਼ੱਕ ਨੇ ਪਿਆਰ ਵਿਚ ਫਿਰ ਫੁੱਟ ਪਾ ਦਿਤੀ, ਪਰ ਜੇ ਮੈਂ ਸ਼ੱਕ ਨਾ ਕਰਦੀ ਤਾਂ ਆਪ ਵੀ ਖੁਸ਼ ਸੀ ਤੇ ਨਿਆਣਾ ਵੀ ਖੁਸ਼ ਹੁੰਦਾ। ਜਦੋਂ ਇਹ ਸ਼ੱਕਾਂ ਨੂੰ ਲੈ ਕੰਮ ਵਿਚ ਰੁਝ ਗਈ ਤਾਂ ਟਾਈਮ ਦਾ ਕੋਈ ਪਤਾ ਨਹੀਂ ਲਗਾ। ਬੀਜੀ ਨੇ ਲੰਚ ਤਿਆਰ ਕੀਤਾ ਤੇ ਘਰ ਵਾਲਾ ਖਾ ਕੇ ਕੰਮ ਚਲਾ ਗਿਆ ਤੇ ਜਾਂਦਾ ਹੋਇਆ ਬਾਏ ਕਹਿ ਗਿਆ। ਪਰ ਮੈਂ ਫਿਰ ਵੀ ਗੁੱਸੇ ਵਿਚ ਬਾਏ ਦਾ ਜੁਆਬ ਨਹੀਂ ਦਿਤਾ। ਪਰ ਜਦੋਂ ਮੈਂ ਕੰਮ ਵਿਚ ਰੁਝੀ ਹੋਈ ਸੀ ਤਾਂ ਬੀਜੀ ਨੇ ਹੀ ਖਾਣਾ ਬਣਾਉਣਾ ਸੀ, 5-10 ਮਿੰਟ ਠਹਿਰ ਕੇ ਬੀਜੀ ਨੇ ਆਵਾਜ਼ ਮਾਰੀ ਬੇਟੇ ਆ ਕੇ ਰੋਟੀ ਖਾ ਲੈ। ਬੀਜੀ ਦੇ ਦਿਲ ਵਿਚ ਪਿਆਰ ਪਰ ਮੇਰੇ ਦਿਲ ਵਿਚ ਸ਼ੱਕ।

ਕੰਮ ਤੇ ਜਾਣ ਦਾ ਵੇਲਾ ਹੋ ਗਿਆ ਤੇ ਮੁੰਡਾ ਅਜੇ ਤੱਕ ਆਇਆ ਨਹੀਂ। ਸੋਚਦੀ ਸੋਚਦੀ ਤੁਰਦੀ ਫਿਰਦੀ ਅੰਦਰ ਹੀ ਜਦੋਂ ਸ਼ੀਸ਼ੇ ਦੇ ਅਗੇ ਜਾ ਕੇ ਖੜੀ ਹੋਈ ਤਾਂ ਗੁਆਂਢਣ ਗੋਰੀ ਤੇ ਨਜਰ ਪਈ, ਇਹ ਕੰਮ ਨਹੀਂ ਕਰਦੀ ਇਸ ਦਾ ਘਰ ਵਾਲਾ ਕੰਮ ਨਹੀਂ ਕਰਦਾ ਪਰ ਇਹ ਇਤਨੀਆਂ ਸੋਹਣੀਆਂ ਕਾਰਾਂ ਲਈ ਫਿਰਦੀ ਹਨ। ਗੰਲ ਕਿ ਸ਼ੱਕ ਨੇ ਮਨ ਵਿਚ ਇਕ ਹੋਰ ਰੂਪ ਧਾਰਨ ਕਰ ਲਿਆ। ਇਨ੍ਹਾਂ ਸ਼ੱਕਾਂ ਨੂੰ ਲੈ ਕੇ ਮਨ ਵਿਚ ਹੀ ਤੇ ਕੰਮ ਚਲੀ ਗਈ। ਅੱਜ ਕੰਮ ਤੇ ਥੋੜੀ ਜਿਹੀ ਲੇਟ ਹੋਈ ਜਦੋਂ ਕਿ ਹਮੇਸ਼ਾ ਹੀ ਪਹਿਲਾ ਦਿਖਾਈ ਦਿੰਦੀ ਹਾਂ। ਕੰਮ ਤੇ ਗਈ ਨੇ ਕੀ ਦੇਖਿਆ ਕੇ ਕੋਵਰਕਰ ਗੰਲਾਂ ਕਰ ਰਹੇ ਹਨ। ਕੋਲ ਦੀ ਲੰਘੀ, ਤੇ ਹਾਏ ਨਾ ਕਹਿੰਦੀ ਹੋਈ ਨੇ ਕੰਮ ਸ਼ੁਰੂ ਕਰ ਦਿਤਾ। ਪਰ ਸ਼ੱਕ ਫਿਰ ਮਨ ਵਿਚ ਆ ਗਿਆ। ਉਨਾਂ ਨੇ ਆਪਣੀ ਗੰਲ ਮੁਕਾ ਕੇ ਮੈਨੂੰ ਪਿਆਰ ਨਾਲ ਆ ਕੇ ਬੁਲਾਇਆ ਪਰ ਮੇਰੇ ਮਨ ਵਿਚ ਤਾਂ ਸ਼ੱਕ ਸੀ ਮੈਂ ਨਹੀਂ ਜਵਾਬ ਦਿਤਾ। ਬਰੇਕ ਟਾਈਮ ਤੇ ਮੈਨੂੰ ਉਹ ਦਸਣ ਲਗ ਪਈਆਂ ਕਿ ਅੱਜ ਮੀਟਿੰਗ ਸੀ ਤੇ ਇਹ ਇਹ ਗਲਾਂ ਹੋਈਆਂ ਹਨ। ਮੀਟਿੰਗ ਵਿਚ ਕਈ ਉਤਾਰ ਚੜਾਵ ਆਏ ਹਨ। ਉਨ੍ਹਾਂ ਦੀ ਅਸਲੀਅਤ ਦੱਸਣ ਤੇ ਵੀ ਮੈਂ ਸ਼ੱਕ ਵਿਚ ਹੀ ਸੀ।

ਜਦੋਂ ਮੈਂ ਘਰ ਆਈ ਤਾਂ ਬੀਜੀ ਨੇ ਕਿਹਾ ਬੇਟਾ ਰੋਟੀ ਖਾ ਲੈ ਪਕੀ ਪਈ ਹੈ। ਰੋਟੀ ਖਾਂਦੀ ਨੂੰ ਬੀਜੀ ਨੇ ਕਿਹਾ ਕਿ ਮੈਨੂੰ ਪਤਾ ਹੈ ਤੇਰੇ ਲਈ ਔਖਾ ਹੈ ਸਾਰਾ ਕੰਮ ਕਰਨਾ। ਮੈਂ ਤਾਂ ਸਵੇਰੇ ਮੁੰਡੇ ਨੂੰ ਕਹਿ ਰਹੀ ਸੀ ਕਿ ਪ੍ਰਮਾਤਮਾ ਦੀ ਕ੍ਰਿਪਾ ਨਾਲ ਆਪਣਾ ਸੋਹਣਾ ਸਰੀ ਜਾਂਦਾ ਹੈ ਇਹ ਵਿਚਾਰੀ ਔਖੀ ਹੋ ਜਾਂਦੀ ਹੈ ਘਰ ਦਾ ਵੀ ਕੰਮ ਕਰ ਬਾਹਰ ਵੀ ਕਰ। ਇਸ ਨੂੰ ਕਹੋ ਕਿ ਥੋੜਾ ਕੰਮ ਲੈ ਲਵੇ ਤੇ ਵਿਚਾਰੀ ਅਰਾਮ ਕਰ ਲਿਆ ਕਰੇ। ਫਿਰ ਵੀ ਸਰੀਰ ਹੈ ਬੰਦਾ ਥੱਕ ਟੁੱਟ ਜਾਂਦਾ ਹੈ। ਬੀਜੀ ਦੀ ਸਾਰੀ ਗੱਲ ਦਸਣ ਤੇ ਵੀ ਮੇਰੇ ਮਨ ਵਿਚ ਸ਼ੱਕ ਹੀ ਸੀ। ਪਰ ਸ਼ੱਕ ਜਦੋਂ ਆਪਣੇ ਅੰਦਰ ਥਾਂ ਬਣਾ ਲੈਂਦੇ ਹਨ ਤਾਂ ਕੱਢਣੇ ਬੜੇ ਔਖੇ ਹਨ। ਇਸ ਦੇ ਮੁਕਾਬਲੇ ਵਿਚ ਪਿਆਰ ਨੂੰ ਆਪਣੇ ਅੰਦਰ ਥਾਂ ਬਣਾਉਣ ਲਈ ਬਹੁਤ ਘੱਟ ਮੌਕਾ ਮਿਲਦਾ ਹੈ। ਜਿਵੇਂ ਕਿ ਕਈ ਲੋਕ ਕਹਿੰਦੇ ਹਨ ਕਿ ਅਨਪੜਤਾ ਵਿਚ ਇਹ ਨਿਸ਼ਾਨੀਆਂ ਹੁੰਦੀਆਂ ਹਨ ਤੇ ਅਨਪੜ੍ਹ ਬੰਦਿਆਂ ਨੂੰ ਜਿਤਣਾ ਵੀ ਔਖਾ ਹੋ ਜਾਂਦਾ ਹੈ। ਇਸ ਨੂੰ ਸੱਚ ਵੀ ਕਿਹਾ ਜਾ ਸਕਦਾ ਹੈ। ਪਰ ਪੂਰਾ ਨਹੀਂ, ਕਿਉਂਕਿ ਹੁਣ ਤਕ ਮੈਨੂੰ ਬਹੁਤ ਘੱਟ, ਇਸ ਤਰਾਂ ਦੀਆਂ ਜਨਾਨੀਆਂ ਮਿਲੀਆਂ ਹਨ ਜਿਹੜੀਆਂ ਕਿ ਬਿਲਕੁਲ ਅੱਨਪੜ ਸਨ ਤੇ ਇਤਨੀਆਂ ਸੁਝਵਾਨ ਸਨ ਜਿਸ ਦੇ ਮੁਕਾਬਲੇ ਵਿਚ ਕਈ ਇਤਨੀਆਂ ਜਿਆਦ ਪੜ੍ਹਈਆਂ ਹੋਈਆਂ ਵੀ ਹਨ ਪਰ ਕੁਝ ਵੀ ਨਹੀਂ। ਮੇਰੀ ਮਾੜੀ ਕਿਸਮਤ ਕਿ ਉਨਾਂ, ਨਾਲ ਮੇਰਾ ਜਿਆਦਾ ਮੇਲ ਜੋਲ ਨਹੀਂ ਰਿਹਾ ਪਰ ਹੁਣ ਤਾਂ ਉਹ ਰੂਹਾਂ ਇਸ ਦੁਨੀਆਂ ਵਿਚ ਨਹੀ ਰਹੀਆਂ। ਇਕ ਅੰਟੀ ਦੀ ਗੰਲ ਕਹੀ ਚੇਤੇ ਆਉਂਦੀ ਹੈ ਕਿ, ਜਦੋਂ ਵੀ ਆਦਮੀ ਦੇ ਮਨ ਵਿਚ ਸ਼ੱਕ ਪੈਦਾ ਹੋਣ ਲਗੇ ਤਾਂ ਉਸ ਵਾਹਿਗੁਰੂ ਦਾ ਨਾਮ ਲਵੇ ਜਿਸ ਵਿਚ ਆਪਣਾ ਵੀ ਭਲਾ ਹੈ ਤੇ ਜਿਸ ਬਾਰੇ ਸੋਚਦੇ ਹੋ ਉਸ ਦਾ ਵੀ ਭਲਾ ਹੈ। ਉਹ ਵਾਹਿਗੁਰੂ ਆਪਣੇ ਸਾਰਿਆਂ ਦੇ ਮਨ ਵਿਚ ਹੈ। ਸ਼ੱਕ ਇਕ ਭੈੜੀ ਬਿਮਾਰੀ ਹੈ ਜੋ ਕਿ ਆਦਮੀ ਨੂੰ ਅੰਦਰ ਹੀ ਅੰਦਰ ਖਾ ਜਾਂਦੀ ਹੈ, ਪਰ ਪਿਆਟ ਤੇ ਵਾਹਿਗੁਰੂ ਦਾ ਨਾਮ ਇਕ ਐਸਾ ਹੈ, ਜੋ ਆਦਮੀ ਦੇ ਜੀਵਨ ਨੂੰ ਫੁੱਲ ਵਾਂਗ ਖਿੜਿਆ ਹੀ ਰੱਖਦਾ ਹੈ। ਆਦਮੀ ਉਹੋ ਹੀ ਆਪਣੀ ਜੀਵਨ ਯਾਤਰਾ ਵਿਚ ਸਫਲ ਹੈ ਜੋ ਕਿ ਆਪਣੇ ਮਨ ਦੇ ਵਿਚੋਂ ਮਾੜੇ ਖਿਆਲ ਪਰੇ ਸੁਟੇ ਤੇ ਪਿਆਰ ਦੀ ਨਿਗਾਹ ਦੇ ਨਾਲ ਸਾਰਿਆਂ ਨੂੰ ਦੇਖੇ। ਇਕ ਸ਼ੱਕ ਕਈ ਸ਼ੱਕਾਂ ਦਾ ਰੂਪ ਧਾਰਨ ਕਰਦਾ ਹੈ। ਮੇਰੇ ਖਿਆਲ ਵਿਚ ਜੇ ਆਪਾਂ ਸ਼ੱਕ ਨੂੰ ਘਰ ਤੋਂ ਦੂਰ ਕਰਨਾ ਸ਼ੁਰੂ ਕਰੀਏ ਤਾਂ ਆਪਾਂ ਬਾਹਰ ਵੀ ਕਾਮਯਾਬ ਹੋ ਸਕਦੇ ਹਾਂ।

ਜਿਵੇਂ ਕਿ ਮਾੜੇ ਨੂੰ ਮਾੜਾ ਬਹੁਤ ਹੀ ਛੇਤੀ ਮਿਲਦਾ ਹੈ, ਪਰ ਚੰਗੇ ਨੂੰ ਚੰਗਾ ਘੱਟ। ਚੰਗਾ ਆਦਮੀ ਹੀ ਫਿਰ ਵੀ ਸੋਚੇਗਾ ਕਿ ਮਾੜੇ ਕੋਲ ਜਾ ਕੇ ਦੇਖਾਂ ਕਿ ਉਸ ਦੇ ਖਿਆਲ ਕੀ ਹਨ। ਪਰ ਮਾੜਾ ਕਦੇ ਵੀ ਚੰਗੇ ਦੇ ਕੋਲ ਜਾਣ ਲਈ ਤਿਆਰ ਨਹੀਂ ਹੋਵੇਗਾ। ਜੇ ਆਪਾਂ ਸਾਰੇ ਚੰਗੇ ਬਣੀਏ, ਮਾੜੇ ਵਹਿਮਾਂ ਤੋਂ ਦੂਰ ਰਹੀਏ, ਇਕ ਦੂਜੇ ਨੂੰ ਪਿਆਰ ਨਾਲ ਦੇਖੀਏ ਤਾਂ ਆਪਣਾ ਘਰ ਵੀ ਸੁਖੀ ਤੇ ਬਾਹਰ ਵੀ ਸੁਖੀ ਵਸੇ। ਫਿਰ ਆਪਾ ਸਾਰ ਕਹਿ ਸਕਦੇ ਹਾਂ
ਏਕ ਪਿਤਾ, ਏਕਸ ਕਿ ਹਮ ਬਾਰਕ।

PUNJAB MEAT, VIDEO & GROCERY

2591 Cedar Park Place, Abbotsford.

Ph: (604) 859-9322

ਛੋਲਿਆਂ ਦੀ ਦਾਲ Chickpea Dal 40 C/Lb	ਮਾਂਹ ਦੀ ਦਾਲ Blackgram 60

BABY BOTTLE TOOTH DECAY

A child's first teeth begin to form as early as the fifth or sixth week of pregnancy. At birth, all the baby teeth will be formed. The first baby (primary) teeth begin to appear in the child's mouth around six months of age and continue to appear until all 20 baby teeth are erupted at 24 to 36 months.

The care of your baby's mouth and teeth should begin immediately after birth and continue for a life time. After each feeding teeth and gums should be wiped with a damp cloth to remove milk residue and plaque.

Baby bottle tooth decay is an infectious disease. This disease can begin shortly after the baby teeth begin to appear in the baby's mouth. You can sometimes see it as a white or dark spot on the inside and outside of the top front teeth. If allowed to progress, cavities could become bigger and teeth can get abscessed with pain as in the picture shown. It happens when the baby is given the bottle of milk or juice or soother dipped in honey at bed time. If the plaque on your baby's teeth is not cleaned off after each feeding, the risk of decay is even higher.

Too often parents are told that their child is too young, that their only baby teeth and not to worry about them. Parents are also told that the child should wait until they are 3 or 4 and then have their teeth fixed. Don't wait, if you see anything in your child's mouth that you are concerned about, see a professional who treats children. If your family dentist does not provide care have their teeth checked. While prevention is the best, early detection and treatment of baby bottle tooth decay is very important.

Once decay begins, it needs to be treated immediately. If allowed to progress to the point where you child is having pain or has dental abscess. The need to provide the necessary dental care under a general anesthetic is likely. These procedures are not without risk for your child and can be very costly.

TO PREVENT ALL THAT
Do not leave the bottle with milk or juice in your baby's mouth while asleep.
Do not place the soother dipped in honey in your baby's mouth.
If you must keep the bottle in the mouth, then fill it with plain water.
After each feeding wipe you baby's gum and teeth.
When most of the baby teeth are erupted, start brushing teeth with pea size amount of tooth paste and ask the child to spit that out.
Rinse the mouth nicely with plain water.

Dr. M. S. Dhami

ਬੋਤਲ ਨਾਲ ਬੱਚਿਆਂ ਦੇ ਦੰਦਾ ਵਿਚ ਖੋੜਾਂ

ਬੱਚੇ ਦੇ ਦੋਧੀ ਦੰਦ ਗਰਬਪਾਤ ਦੇ ਪੰਜਵੇਂ ਜਾਂ ਛੇਵੇਂ ਹਫਤੇ ਵਿਚ ਬਣਨੇ ਸ਼ੁਰੂ ਹੋ ਜਾਂਦੇ ਹਨ। ਜਨਮ ਵੇਲੇ ਸਾਰੇ ਦੋਧੀ ਦੰਦ ਬਣ ਚੁੱਕੇ ਹੁੰਦੇ ਹਨ। ਇਹ ਦੰਦ ਕੋਈ 6 ਕੁ ਮਹੀਨੇ ਦੀ ਉਮਰ ਤਕ ਨਿਕਲਨੇ ਸ਼ੁਰੂ ਹੋ ਜਾਂਦੇ ਹਨ ਅਤੇ ਸਾਰੇ 20 ਦੋਧੀ ਦੰਦ 24 ਤੋਂ 36 ਮਹੀਨਿਆਂ ਦੀ ਉਮਰ ਤਕ ਮੂੰਹ ਵਿਚ ਉਗ ਆਉਂਦੇ ਹਨ।

ਬੱਚਿਆਂ ਦੇ ਮੂੰਹ ਅਤੇ ਦੰਦਾ ਦੀ ਦੇਖਭਾਲ ਜਨਮ ਤੋਂ ਹੀ ਸ਼ੁਰੂ ਹੋ ਜਾਣੀ ਚਾਹੀਦੀ ਹੈ ਅਤੇ ਸਾਰੀ ਉਮਰ ਜਾਰੀ ਰਹਿੰਦੀ ਹੈ। ਬੱਚੇ ਨੂੰ ਦੁੱਧ ਪਿਆਉਣ ਜਾਂ ਕੁੰਝ ਖਿਲਾਉਣ ਤੋਂ ਬਾਅਦ ਉਸਦੇ ਦੰਦ ਅਤੇ ਮਸੂੜੇ ਗਿੱਲੇ ਕਪੜੇ ਨਾਲ ਸਾਫ ਕਰ ਦੇਣੇ ਚਾਹੀਦੇ ਹਨ।

ਬੱਚਿਆਂ ਦੇ ਦੰਦਾ ਵਿਚ ਖੋੜਾ ਕਿਟਾਣੂਆਂ ਅਤੇ ਤੇਜ਼ਾਬ ਤੋਂ ਬਣਦੀਆਂ ਹਨ, ਜੋ ਕਿ ਦੁੱਧ ਅਤੇ ਮਿੱਠੇ ਤੋਂ ਪੈਦਾ ਹੁੰਦੇ ਹਨ। ਇਹ ਬਿਮਾਰੀ ਬੱਚੇ ਦੇ ਦੰਦ ਮੂੰਹ ਵਿਚ ਆਉਣ ਤੋਂ ਛੇਤੀ ਹੀ ਬਾਅਦ ਵਿਚ ਸ਼ੁਰੂ ਹੋ ਜਾਂਦੀ ਹੈ। ਤੁਸੀਂ ਕਦੇ ਇਹ ਬੱਚੇ ਦੇ ਉਪਰਲੇ ਦੰਦਾ ਦੇ ਅੰਦਰ ਜਾਂ ਬਾਹਰ ਚਿੱਟੇ ਜਾਂ ਗਾੜੇ ਰੰਗ ਦੇ ਦਾਗ ਦੇਖ ਸਕਦੇ ਹੋ। ਜੇਕਰ ਇਹਨਾ ਨੂੰ ਅਣਗੌਲਿਆਂ ਕਰ ਦਈਏ ਤਾਂ ਇਹ ਵੱਧ ਕੇ ਵੱਡੀਆਂ ਖੋੜਾਂ ਬਣ ਜਾਣਗੀਆਂ ਅਤੇ ਇਹਨਾਂ ਵਿਚ ਪੀਕ ਪੈ ਸਕਦੀ ਹੈ ਅਤੇ ਦੰਦ ਦਰਦ ਕਰ ਸਕਦੇ ਹਨ ਜਿਵੇਂ ਕਿ ਫੋਟੋ ਵਿੱਚ ਹੈ। ਇਹ ਉਦੋਂ ਹੁੰਦਾ ਹੈ ਜਦੋਂ ਅਸੀਂ ਬੱਚੇ ਨੂੰ ਸੌਣ ਦੇ ਸਮੇਂ ਦੁੱਧ ਜਾਂ ਰਸ ਜਾਂ ਮਿੱਠੇ ਵਾਲਾ ਨਿੰਪਲ ਬੱਚੇ ਦੇ ਮੂੰਹ ਵਿਚ ਰਖਦੇ ਹਾਂ। ਜੇਕਰ ਬੱਚੇ ਦੇ ਦੰਦ ਜਾਂ ਮੂੰਹ ਅਸੀਂ ਗਿੱਲੇ ਕਪੜੇ ਨਾਲ ਸਾਫ ਨਹੀਂ ਕਰਦੇ ਤਾਂ ਦੰਦ ਖਰਾਬ ਹੋਣ ਦਾ ਖਤਰਾ ਹੋਰ ਵੀ ਵੱਧ ਜਾਂਦਾ ਹੈ।

ਆਮ ਤੌਰ ਤੇ ਮਾਪਿਆਂ ਨੂੰ ਕਿਹਾ ਜਾਂਦਾ ਹੈ ਕਿ
ਤੁਹਾਡਾ ਬੱਚਾ ਦੇਰ ਠੀਕ ਕਰਵਾਉਣ ਲਈ ਅਜੇ ਬਹੁਤ ਛੋਟਾ ਹੈ।
ਇਹ ਦੋਧੀ ਦੰਦ ਹੀ ਹਨ, ਇਸ ਕਰਕੇ ਇਹਨਾ ਦਾ ਕੋਈ ਫਿਕਰ ਕਰਨ ਦੀ ਲੋੜ ਨਹੀਂ।
ਬੱਚੇ ਨੂੰ 3 ਜਾਂ 4 ਸਾਲ ਦਾ ਹੋ ਲੈਣ ਦਿਓ ਫਿਰ ਦੰਦ ਠੀਕ ਕਰਵਾ ਲੈਣਾ।

ਨਹੀਂ ਤੁਹਾਨੂੰ ਉਡੀਕਣਾ ਨਹੀਂ ਚਾਹੀਦਾ। ਜੇਕਰ ਤੁਸੀਂ ਬੱਚੇ ਦੇ ਮੂੰਹ ਵਿਚ ਕੋਈ ਅਜਿੱਹੀ ਬਿਮਾਰੀ ਦੇਖਦੇ ਹੋ ਤਾਂ ਤੁਹਾਨੂੰ ਬੱਚੇ ਦੇ ਦੰਦ ਦਿਖਾਲਣੇ ਚਾਹੀਦੇ ਹਨ। ਜੇਕਰ ਤੁਹਾਡਾ ਪਰਵਾਰਿਕ ਦੰਦਾ ਦਾ ਡਾਕਟਰ ਛੋਟੇ ਬਚਿੱਆਂ ਦੇ ਦੰਦਾ ਦਾ ਇਲਾਜ਼ ਨਹੀਂ ਕਰਦਾ ਤਾਂ ਉਸ ਨੂੰ ਕਹੋ ਕਿ ਉਹ ਬੱਚੇ ਨੂੰ ਉਸ ਡਾਕਟਰ ਕੋਲ ਭੇਜੇ ਜੋ ਕਿ ਬਚਿੱਆਂ ਦੇ ਦੰਦਾ ਦਾ ਇਲਾਜ਼ ਕਰਦਾ ਹੈ। ਦੰਦ ਦਿਖਾਲਣ ਵਾਸਤੇ ਕਿਸੇ ਵੀ ਬੱਚੇ ਦੀ ਉਮਰ ਕੋਈ ਛੋਟੀ ਨਹੀਂ। ਜਦੋਂ ਕਿ ਬਚਾਅ ਸਭ ਤੋਂ ਵਧੀਆ ਤਰੀਕਾ ਹੈ ਪਰ ਬੱਚੇ ਦੇ ਦੰਦਾ ਦੀਆਂ ਖੋੜਾਂ ਦੀ ਛੇਤੀ ਸ਼ਨਾਖਤ ਹੋ ਜਾਣਾ ਬਹੁਤ ਜਰੂਰੀ ਹੈ।

ਦੰਦਾ ਵਿਚ ਖੋੜਾਂ ਪੈ ਜਾਣ ਤੇ ਇਹਨਾ ਦਾ ਛੇਤੀ ਇਲਾਜ਼ ਕਰਵਾਉਣਾ ਬਹੁਤ ਜਰੂਰੀ ਹੈ। ਜੇਕਰ ਇਹਨਾ ਦਾ ਇਲਾਜ ਸਮੇ ਸਿਰ ਨਾ ਕਰਵਾਇਆ ਜਾਵੇ ਤਾਂ ਇਹ ਵਧ ਕੇ ਇਹਨਾ ਵਿਚ ਪੀਕ ਪੈ ਸਕਦੀ ਹੈ ਅਤੇ ਬੱਚੇ ਦੇ ਦੰਦ ਅਤੇ ਮੂੰਹ ਵਿਚ ਦਰਦ ਹੋ ਸਕਦੀ ਹੈ। ਤਦ ਬੱਚੇ ਦੇ ਦੰਦਾ ਦਾ ਇਲਾਜ਼ ਬੇਹੋਸ਼ ਕਰਕੇ ਕਰਨ ਦੀ ਲੋੜ ਪੈ ਸਕਦੀ ਹੈ। ਇਹ ਤਰੀਕਾ ਕੁਝ ਖਤਰਿਆਂ ਤੋਂ ਖਾਲੀ ਨਹੀਂ ਅਤੇ ਕਾਫੀ ਮਹਿੰਗਾ ਵੀ ਹੋ ਸਕਦਾ ਹੈ।

ਇਹ ਸਭ ਕੁਝ ਤੋਂ ਬਚਣ ਲਈ
ਸੌਣ ਵੇਲੇ ਬੱਚੇ ਦੇ ਮੂੰਹ ਵਿਚ ਦੁੱਧ ਜਾਂ ਰਸ ਦੀ ਬੋਤਲ ਨਾਂ ਰਖੋ।
ਬੱਚੇ ਦੇ ਮੂੰਹ ਵਿਚ ਸ਼ਹਿਦ ਜਾਂ ਮਿੱਠੇ ਵਾਲਾ ਨਿੰਪਲ ਨਾਂ ਪਾਓ।
ਜੇਕਰ ਬੋਤਲ ਮੂੰਹ ਵਿਚ ਰੱਖਣੀ ਹੀ ਹੈ ਤਾਂ ਉਸ ਵਿਚ ਪਾਣੀ ਪਾਓ।
ਦੁੱਧ ਪਿਲਾਉਣ ਜਾਂ ਕੁਝ ਖਿਲਾਉਣ ਤੋਂ ਬਾਅਦ ਬੱਚੇ ਦੇ ਦੰਦ ਅਤੇ ਮਸੂੜੇ ਗਿੱਲੇ ਕਪੜੇ ਨਾਲ ਸਾਫ ਕਰੋ।
ਜਦੋਂ ਬੱਚਾ ਥੋੜਾ ਸਿਆਣਾ ਹੋ ਜਾਵੇ ਤਾਂ ਮਟਰਾਂ ਦੇ ਦਾਣੇ ਜਿੰਨਾ ਮੰਜਨ ਲਾ ਕੇ ਬੱਚੇ ਦੇ ਦੰਦਾ ਨੂੰ ਬੁਰਸ਼ ਕਰੋ।
ਪਾਣੀ ਨਾਲ ਚੰਗੀ ਤਰਾਂ ਕੁਰਲੀ ਕਰਵਾਓ।

ਧੰਨਵਾਦ ਸਹਿਤ
ਡਾਕਟਰ ਧਾਮੀ

FOR MAXIMUM EXPOSURE AND ADVERTISING PHONE THE FRASER VALLEY PUNJABI PATRIKA
852-2288

ALLURE'S
Organic Health and Beauty Centre
101A-2464 Clearbrook Road, Abbotsford, BC
(604) 852-6665

- Consultation For Nutritional Problems.
- Natural Cosmetics With Neem Oil.
- Skin Care Products With Neem Oil.
- B F L Natural Health Formulas And Vitamins.
- ਖੁਰਾਕ ਸਬੰਧੀ ਸਲਾਹ ਲਵੋ।
- ਨੈਚੁਰਲ ਕੌਸਮੈਟਿਕਸ (ਨਿੰਮ ਦੇ ਤੇਲ ਤੋਂ ਬਣੇ ਹੋਏ).
- ਸਕਿਨ ਕੇਅਰ ਪ੍ਰੋਡੱਕਟਸ (ਨਿੰਮ ਦੇ ਤੇਲ ਤੋਂ ਬਣੇ ਹੋਏ).
- ਬੀ.ਐਫ.ਐਲ. ਕੁਦਰਤੀ ਸ਼ਰੀਰਕ ਫਾਰਮੂਲਾ ਅਤੇ ਵਿਟਾਮਿਨਜ਼.

The Most Health Conscious Products
For more information, please call or contact: *Nirmal Deol, M.A (604) 852-6665*
ਹੋਰ ਜਾਣਕਾਰੀ ਲਈ ਫੋਨ ਕਰੋ *ਨਿਰਮਲਜੀਤ ਕੌਰ ਦਿਉਲ*
ਖੁਰਾਕ ਅਤੇ ਸਰੀਰ ਸਬੰਧੀ ਮੁਫਤ ਸਲਾਹ ਲਵੋ।

MINTU'S AUTO TOWING
24 Hrs. DISPATCH SERVICE
PH: (604) 823-4118

Toll Free Tel: 1-888-823-4118
Toll Free Pgr: 1-888-217-3245
SERVING ABBOTSFORD AND MISSION AREA
ਪੰਜਾਬੀ ਵਿਚ ਗੱਲ ਕਰਨ ਦੀ ਲਾਈਨ :807-4200
Fax: (604)823-4646
We will beat any competitor's price by 10% percent
Bring in this ad and get $ 5.00 off

ਪੜ੍ਹਾਈ ਦੀਆਂ ਚੰਗੇਰੀਆਂ ਆਦਤਾਂ!
ਉਚੇਰੇ ਗ੍ਰੇਡਜ਼ ਦੀਆਂ ਪ੍ਰਾਪਤੀਆਂ!!

KUMON
MATH & READING CENTRES
Learning How To Learn

ਉਮਰ ਅਤੇ ਹੁਨਰੀ ਪਧੱਰ ਵੀਚਾਰਨ ਤੋਂ ਬਿਨਾਂ, *ਕੂਮੌਨ* ਵਿਧੀ, ਵਿਦਿਆਰਥੀਆਂ ਨੂੰ ਗਣਿਤ ਅਤੇ ਰੀਡੰਗ ਵਿਚ ਅੱਗੇ ਵਧਣ ਲਈ ਉਹਨਾਂ ਦੇ ਵਿਅੱਕਤੀਗਤ ਪ੍ਰੋਗਰਾਮਾਂ ਵਿਚ ਸਹਾਇਤਾ ਕਰਦੀ ਹੈ। ਇਹ *ਕੂਮੌਨ* ਵਿਧੀ, ਹੇਠ ਲਿਖੇ ਹੁਨਰਾਂ ਦੀਆਂ ਬੁਨਿਆਦਾਂ ਨੂੰ ਪੱਕਿਆਂ ਕਰਦੀ ਹੈ:

* ਉਨਤ ਵਿਸ਼ਵਾਸ਼
* ਟਿਕਵੀਂ ਇਕਾਗਰਤਾ
* ਚੰਗੇਰੀਆਂ ਪੜ੍ਹਾਈ-ਆਦਤਾਂ

ਤੁਹਾਡੇ ਸਥਾਨਕ *ਕੂਮੌਨ* ਗਣਿਤ ਅਤੇ ਰੀਡੰਗ ਸੈਂਟਰ ਤੁਹਾਡੀ ਪਹੁੰਚ ਅਨੁਸਾਰ ਆਸਾਨ ਪ੍ਰੋਗਰਾਮ ਦਿੰਦੇ ਹਨ। ਤੁਹਾਡੇ ਬੱਚੇ ਨੂੰ ਪੂਰੀ ਸਮਰੱਥਾ ਪ੍ਰਾਪਤ ਕਰਨ ਲਈ ਸਹਾਇਤਾ ਕਰਦੇ ਹਨ। ਸਕੂਲ ਸਮੇਂ ਤੋਂ ਪਿਛੋਂ ਦੇ ਅਪਣੇ ਗੁਆਂਢ ਦੇ ਸੈਂਟਰ ਬਾਰੇ ਜਾਣਕਾਰੀ ਲੈਣ ਲਈ ਫੋਨ ਕਰੋ:-

ਅੰਗਰੇਜ਼ੀ ਲਈ: ਵਿਗੀ ਲੀਮੈਨਟਰੋ : 864 2782
ਪੰਜਾਬੀ ਲਈ :ਹਰਮਨਦੀਪ ਬਰਾੜ : 864 4076

1-800-ABC-MATH
www.kumon.com

From Pg 6

Bill 44, which the Panel itself acknowledges is wrong for British Columbia.

"It is largely because of Clark's apparent determination to pay off his friends in organized labour that B.C. has gone from first to worst in Canada in economic investment and job creation," Campbell said. "It's time he got the message that it's not in the interests of working people to be imposing sweeping labour policy changes that will only undermine job creation and keep B.C. in the economic cellar."

"Clark should deep-six the Panel's recommendations today, to provide certainty and stability in a construction industry that has been badly shaken by this report," Campbell concluded.

ਇਨਸੋਰੈਂਸ ਦਾ ਜਿਥੇ ਕਿਧਰੇ ਵੀ ਸਵਾਲ ਉਠੇ, ਫੋਰਨ ਸਾਡੀ ਸਲਾਹ ਲਵੋ
APNA PROFESSIONAL INSURANCE OFFICE

We can make Auto Insurance buying easy - in 12 easy small payments with
Autoplan 12

Charan Sidhu, CAIB — Your Insurance Broker Understands — Harj Deol, B.M.A
852-2565
ਇੱਥੇ ਆਪਣੀਆਂ ਇੰਸ਼ੋਰੈਂਸ ਪਾਲੀਸੀਆਂ ਰੀਨਿਊ ਕਰਵਾ ਸਕਦੇ ਹੋ
ਕਾਰਾਂ ਦਾ ਬੀਮਾ * ਵਪਾਰਕ *
ਘਰ ਇੰਸ਼ੋਰੈਂਸ * ਮੈਡੀਕਲ *
ਫਾਰਮ * (ਨਵੇਂ ਇਮੀਗਰੈਂਟਾਂ ਲਈ)
ਜੀਵਨ ਬੀਮਾ *
Charlesworth Insurance
1A-32465 South Fraser Way Abbotsford
(NEAR CANADA TRUST)

NASH N.S. GILL
B.A., L.L.B.
BARRISTER AND SOLICITOR
NOTARY PUBLIC

200-33230 OLD YALE ROAD.
ABBOTSFORD B.C. V2S 2J5
PHONE: (604) 853-9322
FAX: (604) 853-5566

1. ICBC/PERSONAL INJURY CLAIMS
2. DIVORCES/FAMILY LAW
3. CRIMINAL CASES
4. PROPERTY TRANSFERS/MORTGAGES
5. IMMIGRATION APPEALS

ਐਬਟਸਫੋਰਡ, ਮਿਸ਼ਨ ਅਤੇ ਐਲਡਰਗਰੋਵ ਵਿਚ
ਗਲੈਡਵਿਨ ਆਪਟੀਕਲ

ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤਸੱਲੀਬਖਸ਼ ਹੁੰਦਾ ਹੈ।

* ਤੁਸੀਂ ਸਾਡੇ ਕੋਲੋਂ ਧੁੱਪ ਦੀਆਂ ਐਨਕਾਂ ਵੀ ਵਧੀਆ ਡੀਜ਼ਾਈਨਾਂ ਵਿਚ ਲੈ ਸਕਦੇ ਹੋ।
* ਫਰੇਮਾਂ ਦੀ ਮਾਮੂਲੀ ਰਿਪੇਅਰ ਮੁਫਤ ਕਰਦੇ ਹਾਂ



ਭੁਪਿੰਦਰ ਉਬਰਾਏ
(ਔਪਟੀਸ਼ਨ)

Lenses Plastic	
Single Vision Only	$ 25.00
Bi Focal Only	$ 55.00
Progressive	$ 120.00
Hi Index	$ 90.00

Contact Lenses	
Daily Wear	$ 45.00
Extended Wear	$ 55.00
Coloured Opaque	$ 140.00
Disposable (6 pack)	$ 30.00

ਐਬਟਸਫੋਰਡ ਵਿਚ ਵਧੀਆਂ ਕੀਮਤਾਂ ਅਤੇ ਭਰੋਸੇ ਯੋਗ ਸਰਵਿਸ
ਹੋਰ ਜਾਣਕਾਰੀ ਲਈ ਫੋਨ ਕਰੋ
Ph: 864-8803
#103-2955, Gladwin Rd., Abbotsford, B.C. Next to Dr. Randhawa's Clinic

RANGEELA DANCE SCHOOL

Academy of Indian Arts and Dance

Internationally Renowned as Award Winning Dance School

Learn Bhangra, Dhol, Filmi or Classical

Now Open In

Abbotsford

Only $25/Month

All classes are in session now

Student Registration continues on Sundays
From 10.00am. - 5.00pm.
at

1481, Tracey Street, Abbotsford

For Beginners, Intermediate And Advance Students

CLASSES FOR ALL AGES

Call: 504 - 3114 *(In Abbotsford)*

Call: 594 6866 or 590 0007

MJM FURNITURE

ਆਪਣੇ ਪੰਜਾਬੀ ਭਰਾਵਾਂ ਦਾ ਸਟੋਰ ਹੈ

New Shipment of Italian sofas just Arrived !!
Very Special Prices !!
Many colours to match your living room !!



Jag Jaswal



6Pcs Bedroom Set
Dresser, Mirror
Armoire, Headboard
2 nite tables

SALE PRICE 699.99

9pcs - Dining Set

SALE PRICE 2299.99



(5 olours to choose from)

3 DAYS ONLY HURRY

Best Quality - Lowest Prices

MJM FURNITURE CENTRE LTD.

SPECIAL NO PST NO GST

Corner of 7th Ave. & King George Hwy.

It's a Ten Pack Bonus!

Queen Size Sealy Regency Box Spring & Mattress

$468.00

* Buy any Sealy Posturpedic box spring & mattress and you'll receive a Ten Pack Bonus for No Extra Charge!

DON'T MISS OUT! LIMITED TIME OFFER!

32009 S. Fraser Way, Abbts. • 864-8148 ONLY AT MJM FURNITURE!

FREE

BUY ANY TWO PIECE MATTRESS SET AND RECEIVE ALL 4 GIFTS BELOW ABSOLUTELY FREE!

Mattress Pad, Set of Sheets, Bed Frame and Set of Pillows

MJM FURNITURE CENTRE LTD.

DON'T MISS OUT! LIMITED TIME OFFER!

32009 S. Fraser Way, Abbts. • 864-8148

3 DAYS ONLY HURRY

32009 South Frase Way,
Abbotsford 864-8148

VISA MasterCard AMERICAN EXPRESS

MJM FURNITURE "THE VALUE STORE"

MJM FURNITURE CENTRE

HOURS
Mon. - Weds
10 am - 6pm
Thurs. - Fri.
10 am - 9pm
Saturday
10 am - 6pm
Sunday
12 pm - 5pm



Children, parents & staff celebrate & have a great time at Upper Fraser Valley Development Pre-School's 4th annual Fun Night on Mar. 6th.'98



A Guaranteed Investments Investment Strategy

By Satvir Gill

Taking the Laddered Approach to Fixed Income Investing

The frenzy and volatility of today's securities markets can result in exceptional all-round investment opportunities. However, for many investors, investing in volatile markets can be difficult and confusing. Fortunately, there is a proven investment technique that is readily available to help you make the most of an ever-changing interest rate environment.

The "laddered portfolio approach" allows you to maximize the reinvestment risk that is associated with short-term fixed income investments. Quite simply, this strategy adopts a longer range outlook and diversifies the maturity structure of fixed income investments within your portfolio – thus enabling the total return of your fixed income investments to be less adversely affected by ongoing interest rate fluctuations.

Structuring a laddered portfolio with investments in successive maturities allows you to achieve more flexible management of your fixed income assets. The laddered strategy can help you accomplish the following goals:

- Achieve a potentially higher total rate of return
- Maintain liquidity within your portfolio
- Minimize interest rate reinvestment risk in falling interest rate environments
- Provide flexibility to reassign short-term holdings to longer-term investments during periods of rising interest rates, in order to lock-in those higher rates

The large variety of high quality, fixed income investments that are currently available enables you to choose and adjust the timing of investments within your portfolio to match your current and future income needs.

With the guidance of a professional Financial Advisor, you can implement a strategy like this one that will help you achieve a superior rate of return while simultaneously reducing risk.

For an analysis of your current investment holdings or any questions regarding your RRSPs or other investments feel free to call Satvir Gill AFA. or Larry Schmidt FA. They may be reached at Midland Walwyn Capital Inc. at 853-6668. Midland Walwyn Capital Inc. is a member of the Canadian Investor Protection Fund.

EXPRESS TAX, ACCOUNTING, AND OTHER SERVICES

WE SPECIALIZE IN PROVIDING
- -Business and personal incomc tax scrvices
- -Computcrized accounting and book keeping
- -Payroll services
- -GST, PST, WCB, and Employment insurance services

We have long experience in preparing computerized income tax returns. Fast and reliable service is our speciality. We also E-file tax returns for a fast tax refund.

ਅਸੀਂ ਹੇਠ ਲਿਖੀਆਂ ਸੇਵਾਵਾਂ ਵਿੱਚ ਮਾਹਿਰ ਹਾਂ:
- -ਬਿਜ਼ਨੈਸ ਅਤੇ ਪਰਸਨਲ ਇੰਨਕਮ ਟੈਕਸ ਸੇਵਾਵਾਂ
- -ਕੰਮਪਿਊਟਰ ਨਾਲ ਅਕਾਊਂਟਿੰਗ ਅਤੇ ਬੁੱਕ-ਕੀਪਿੰਗ
- -ਪੇ-ਰੋਲ ਸੇਵਾਵਾਂ
- -ਜੀ ਐਸ ਟੀ, ਪੀ ਐਸ ਟੀ, ਵਰਕਰਜ਼ ਕੰਮਪਨਸੇਸ਼ਨ ਅਤੇ ਰੋਜ਼ਗਾਰ ਬੀਮੇ ਦੀਆਂ ਸੇਵਾਵਾਂ

ਸਾਡਾ ਇਨਕਮ ਟੈਕਸ ਦੇ ਫਾਰਮ ਭਰਨ ਦਾ ਬਹੁਤ ਲੰਬਾ ਤਜ਼ਰਬਾ ਹੈ। ਜਲਦੀ ਅਤੇ ਭਰੋਸੇਯੋਗ ਸੇਵਾਵਾਂ ਸਾਡੀ ਖਾਸੀਅਤ ਹੈ। ਟੈਕਸ ਦੇ ਪੈਸੇ ਜਲਦੀ ਵਾਪਸ ਮੁੜਵਾਉਣ ਲਈ ਅਸੀਂ ਈ-ਫਾਇਲ ਰਾਹੀ ਟੈਕਸ ਦੇ ਫਾਰਮ ਸਿੱਧੇ ਸਰਕਾਰ ਨੂੰ ਭੇਜਦੇ ਹਾਂ।

** ਅਸੀਂ ਵਧੀਆ ਸੇਵਾ ਅਤੇ ਘੱਟ ਰੇਟ ਦੀ ਗਰੰਟੀ ਕਰਦੇ ਹਾਂ।*
** ਵੱਧ ਤੋਂ ਵੱਧ ਟੈਕਸ ਬਚਾਉਣ ਲਈ ਫਾਰਮ ਭਰਨ ਤੋਂ ਪਹਿਲਾਂ ਸਾਡੀ ਮੁਫ਼ਤ ਸਲਾਹ ਇੱਕ ਵਾਰ ਜ਼ਰੂਰ ਲਵੋ।*

Contact persons:

Harjit S. Phagura
Harb. Phagura
Phone(604) 852-4424
30576 Sparrow Drive
Abbotsford, B.C.
V2T 5R9

COMMUNITY FUTURES DEVELOPMENT CORP. of NORTH FRASER

STARTING A BUSINESS? EXPANDING YOUR BUSINESS?
NEED MONEY, ADVICE? HAVE QUESTIONS?
CHANCES ARE WE CAN HELP!!!

COMMUNITY FUTURES DEVELOPMENT CORPORATION OF NORTH FRASER OFFERS:

☑ *BUSINESS DEVELOPMENT:* Developing and expanding capital through repayable loans, and providing technical counseling advice to small businesses in the District of Mission, Agassiz and Harrison Hot Springs

☑ *SELF EMPLOYMENT PROGRAM:* Anyone living in the Fraser Valley who has had a regular Employment Insurance claim in the last 3 years, or a maternity/parental claim in the last 5 years, can apply. The SE program is designed to assist potential entrepreneurs.

☑ *COMMUNITY DEVELOPMENT:* Bringing people of various groups and interests together for serious discussion of community issues and opportunities through assistance in facilitating the flow of decision, activities, goals and objectives

32386 FLETCHER AVENUE, MISSION, BC V2V 5T1
PH: (604) 826 6252 FAX: (604) 826 0052

ਕਮਿਊਨਿਟੀ ਫਿਊਚਰਜ਼ ਡਿਵੈਲੱਪਮੈਂਟ ਕਾਰਪੋਰੇਸ਼ਨਜ਼ ਆਫ ਨਾਰਥ ਫਰੇਜ਼ਰ

- ਕਾਰੋਬਾਰ ਜਾਂ ਬਿਜ਼ਨਿਸੱ ਸ਼ੁਰੂ ਕਰਨਾ ਚਾਹੁੰਦੇ ਹੋ ?
- ਆਪਣੇ ਕਾਰੋਬਾਰ ਜਾਂ ਬਿਜ਼ਨਿਸੱ ਦਾ ਵਿਸਥਾਰ ਕਰਨਾ ਚਾਹੁੰਦੇ ਹੋ ?
- ਪੈਸੇ ਜਾਂ ਸਲਾਹ ਦੀ ਲੋੜ ਹੈ ?
- ਕੁੱਝ ਪੁੱਛਣਾ ਚਾਹੁੰਦੇ ਹੋ ?

ਸ਼ਾਇਦ ਅਸੀਂ ਤੁਹਾਡੀ ਸਹਾਇਤਾ ਕਰ ਸਕੀਏ ?

ਕਮਿਊਨਿਟੀ ਫਿਊਚਰਜ਼ ਡਿਵੈਲੱਪਮੈਂਟ ਕਾਰਪੋਰੇਸ਼ਨਜ਼ ਵਲੋਂ ਪੇਸ਼ਕਸ਼ :

1. **ਕਾਰੋਬਾਰ ਜਾਂ ਬਿਜ਼ਨਿਸੱ ਦੇ ਵਾਧੇ ਲਈ :** ਮੇਸ਼ਨ ਵਾਲੇ ਕਰਜ਼ਿਆਂ ਰਾਹੀ ਤੁਹਾਡੀ ਪੂੰਜੀ ਦਾ ਵਾਧਾ ਕਰਨਾ,ਮਿਸ਼ਨ, ਐਗਾਸੀਜ਼ ਅਤੇ ਹੈਰੀਸਨ ਹਾਟ ਸਪਰਿੰਗਜ਼ ਦੇ ਜ਼ਿਲ੍ਹਿਆਂ ਵਿਚ ਛੋਟੇ ਕਾਰੋਬਾਰਾਂ ਜਾਂ ਧੰਦਿਆਂ ਨੂੰ ਤਕਨੀਕੀ ਸਿਖਿਆ ਜਾਂ ਸਲਾਹ ਦੇਣਾ ।
2. **ਸਵੈ ਰੋਜ਼ਗਾਰ ਦੇ ਪ੍ਰੋਗਰਾਮ :** ਜੋ ਪਿਛਲੇ ਤਿੰਨ ਸਾਲ ਲਗਾਤਾਰ ਯੂ.ਆਈ ਤੇ ਰਿਹਾ ਹੋਵੇ ਜਾਂ ਪਿਛਲੇ ਪੋਸਟ ਸਾਲਾ ਵਿਚ ਮੈਟਰਨਟੀ ਜਾਂ ਪੇਰੋਂਟਲ ਕਲੇਮ ਲੀਤਾ ਹੋਵੇ,ਉਹ ਅਰਜੀ ਦੇ ਸਕਦਾ ਹੈ।ਐਸ.ਈ. ਪ੍ਰੋਗਰਾਮ ਸੰਭਾਵੀ ਜਾਂ ਸਰਕਾਰੀ ਸਾਥੀ ਉਦਮਕਰਤਿਆਂ (ਐਨਟਰਪਰੀਨਿਊਰਜ਼)ਲਈ ਬਣਾਇਆ ਗਿਆ ਹੈ ।
3. **ਕਮਿਊਨਿਟੀ ਦੀ ਉਨਤੀ ਲਈ :** ਕਮਿਊਨਿਟੀ ਨੂੰ ਦਰਪੇਸ਼ ਮਸਲਿਆਂ ਬਾਰੇ ਡਾਂਤ-ਸੁਝਾਂਤੇ ਤੇ ਵਖੋਵੇ ਹਿਤ ਰਖੋਣ ਵਾਲੇ ਗਰੁਪਾਂ ਨੂੰ ਸੰਜੀਦਾ ਗਲਬਾਤ ਲਈ ਇਕੱਠੇ ਕਰਨਾ,ਅਤੇ ਉਹਨਾ ਲਈ ਫੈਸਲੇ ਲੈਣ ਵਾਲਾ,ਮੰਤਵ ਅਤੇ ਨਿਸ਼ਾਨੇ ਮਿਥਣ ਲਈ ਮੌਕੇ ਪੈਦਾ ਕਰਨ ਵਿਚ ਸਹਾਇਤਾ ਕਰਨਾ ।

32388 ਫਲੈਚਰ ਐਵਨਿਊ,ਮਿਸ਼ਨ.ਬੀ.ਸੀ. V2V-5T1
ਫੋਨ: (604) 826 6252. ਫੈਕਸ: (604) 826 0052

ਇੰਗਲਿਸ਼ ਐਟ ਵਰਕ
ਟ੍ਰੇਨਿੰਗ ਪ੍ਰੋਗ੍ਰਾਮ

ਤੁਸੀਂ ਰੁਜ਼ਗਾਰ/ਕੰਮ ਲੱਭਣ ਦੇ ਢੰਗ, ਤਰੀਕੇ ਸਿਖਣ ਦੇ ਨਾਲ ਨਾਲ ਅੰਗ੍ਰੇਜ਼ੀ ਜ਼ੁਬਾਨ ਦੀ ਕੁਸ਼ਲਤਾ ਚੰਗੇਰੀ ਬਣਾ ਸਕਦੇ ਹੋ।
ਪਹਿਲੇ ਪ੍ਰੋਗ੍ਰਾਮ ਦੀ ਸਫਲਤਾ ਉਪਰੰਤ ਅਸੀਂ ਆਪਣਾ ਸਰਵਪ੍ਰਿਯ ਈ.ਐਸ.ਐਲ. ਸਰਚ ਪ੍ਰੋਗ੍ਰਾਮ ਫਿਰ ਸ਼ੁਰੂ ਕਰ ਰਹੇ ਹਾਂ।
ਆਪ ਜੀ ਦੀ ਮੰਗ ਨੂੰ ਮੁਖ ਰੱਖਦਿਆਂ ਅਸੀਂ ਇਸ ਸਾਲ ਕੁਝ ਹੋਰ ਕੋਰਸ ਸ਼ਾਮਲ ਕੀਤੇ ਹਨ।

- * ਜੌਬ ਸਰਚ ਸਕਿੱਲਜ਼
- * ਕੈਰੀਅਰ ਪਲੈਨਿੰਗ
- * ਕੰਪਿਊਟਰ ਸਕਿੱਲਜ਼
- * ਇੰਗਲਿਸ਼ ਲੈਂਗੁਇਜ ਸਕਿੱਲਜ਼

ENGLISH AT WORK
Training Program

You can improve your English Language Skills while you learn how to look for a job. Our popular ESL JOB SEARCH program is starting it's second year due to the success of previous programs. This year, in response to your requests, we have added more courses:

- * Job Search Skills
- * Career Planning
- * Computer Skills
- * English Language Skills

Call **853-6248** to enroll in our next program.

Funded by Human Resources Development Canada

Dasmesh Punjabi School

Primary Campus
33094 South Fraser Way
Abbotsford, B.C.
Phone: 852-8986

Intermediate Campus
34371 – 4th Ave.
Abbotsford, B.C.
Phone: 855-1917

Registration - 1998-99
Kindergarten to Grade 9

Independent School certified by the Province of British Province Columbia

- B.C. approved curriculum.
- English as language of instruction.
- French as second Language.
- Punjabi Language additional subject.
- Sikh studies additional subject.
- Emphasis on Computer Technology.
- Excellence in Education.
- Traditional values.
- Strong positive discipline.
- Smoking and drug free environment.
- Emphasis on sports.
- B.C. qualified staff.
- School buses available.
- Full Time Kindergarten.

Application deadlines for classes starting September 1998:

Kindergarten: From January 5, 1998 to February 28, 1998
Grade 1 – 9: From March 1, 1998 to March 31, 1998

Admission on a first-come-first served basis

Contact Rajinder Kaur Dhaliwal for registration forms (Phone: 852-8986). Bring child's birth certificate and medical card, and parents' citizenship cards/immigrant visas.

ਨਾਸ਼ਮਾਨਤਾ

ਗੁਰਸੇਵਕ ਸਿੰਘ ਚਤੱਰਕ (ਮੋਗਾ) ਦਸਮੇਸ਼ ਪੰਜਾਬੀ ਸਕੂਲ, ਐਬਸਫੋਰਡ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਰਾਂ ਦਾ ਇਕ ਮਹਾਨ ਸਮੁੰਦਰ ਹੈ। ਇਕ ਖਜ਼ਾਨਾ ਹੈ, ਜਿਸ ਵਿਚ ਇਨਸਾਨੀ ਜ਼ਿੰਦਗੀ ਨਾਲ ਹਰ ਇਕ ਪਹਿਲੂ ਨਾਲ ਜੁੜਵੇਂ ਵਿਚਾਰ ਮਿਲ ਜਾਣਗੇ। ਬੰਦੇ ਦੇ ਜਨਮ ਤੋਂ ਮਰਨ, ਦੁਨੀਆ, ਬ੍ਰਹਿਮੰਡ, ਧਰਤੀ, ਅਕਾਸ਼ ਅਤੇ ਪਤਾਲ ਦੇ ਬਿਨਸਣ ਤਕ ਦੇ ।

ਇਹ ਕੁਦਰਤ ਦਾ ਕਾਨੂੰਨ ਹੈ ਕਿ ਜੋ ਦਿਸਦਾ ਹੈ ਅੱਖਾਂ ਨੂੰ , ਇਹ ਸਭ ਕੁਝ ਖਤਮ ਹੋਣਾ ਹੈ। ਸਦੋਰ ਦੀ ਸੁਰਜ ਦੀ ਗੁਰੂ ਸੁਰਖ ਲਾਲੀ ਨਾਲ ਫੁਲ ਆਪਦੀ ਮਹਿਕ ਦੁਨੀਆਂ ਨੂੰ ਦੇਣ ਲਗਦੇ ਹਨ, ਲਾਲੀ ਦੇ ਅਸਤ ਹੋਣ ਨਾਲ ਪੱਤੀਆਂ ਆਪਦੀ ਮਹਿਕ ਨੂੰ ਸਮੇਟ ਲੈਂਦੀਆਂ ਹਨ। ਇਹ ਕੁਦਰਤੀ ਨਿਯਮ ਹੈ ਕਿਸੇ ਵਸਤੂ ਦੇ ਜਨਮ ਨਾਲ ਹੀ ਉਸ ਦੀ ਬ੍ਰਿਨਸਣ ਦੀ ਤਾਰੀਖ, ਸਮਾਂ ਨਿਸਚਿਤ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਚਾਰ ਵਨਾਸਤਾ ਬਾਰੇ ਹਨ , ਉਹ ਮਾਨਵਤਾ ਨੂੰ ਯਾਦ ਕਰਾਉਂਦੇ ਹਨ । ਇਸ ਜਗ ਵਾਲੇ ਮੇਲੇ ਵਿਚ ਜੋ ਸੁਆਸਾਂ ਦੀ ਲੜੀ ਲੈਕੇ ਪੰਜ ਭੂਤਕ ਸਰੀਰ ਧਾਰਿਆ ਹੈ, ਇਸ ਨੂੰ ਤਿੜਕਦੇ ਨੂੰ ਪਤਾ ਨਹੀਂ ਲਗਣਾ, ਇਸ ਪਾਣੀ ਦੇ ਬੁਲਬਲੇ ਨੇ ਕਦੋਂ ਮਿਟ ਜਾਣਾ ਹੈ।

ਜੇ ਅਸੀਂ ਇਸ ਨੂੰ ਗੁਰਬਾਣੀ ਦੇ ਸੰਦਰਭ ਵਿਚ ਵੇਖੀਏ ਤਾਂ ਹੋਰ ਵੀ ਨਿਖਰ ਕੇ ਸਾਹਿਮਣੇ ਆਉਂਦੀ ਹੈ। ਜਿਸ ਭੌਤਿਕ ਸਰੀਰ ਨੂੰ ਥੋੜਾ ਚਿਰ ਦੁਨੀਆਂ ਵੇਖਣ ਮਾਣਣ ਦੀ ਆਗਿਆ ਮਿਲੀ ਹੈ। ਇਹ ਸਿਸਟਮ ਥੋੜ ਚਿਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਅਟਕਲਾਂ ਨੂੰ ਖਤਮ ਕਰ ਦਿੱਤਾ ਹੈ।
"ਕਿਸ ਨਾਲਿ ਕੀਚੈ ਦੋਸਤੀ ਸਭ ਜਗ ਚਲਣਹਾਰ" (ਵਾਰ ਆਸਾ ਪੰਨਾ 468)।

ਇਸ ਦੀ ਗਵਾਹੀ ਇਤਿਹਾਸ ਭਰਦਾ ਹੈ ਕਿ ਕੋਰੂ ਬਾਦਸ਼ਾਹ ਜਿਹੇ, ਜਿਨ੍ਹਾਂ ਨੇ ਕਬਰਾਂ ਫਰੋਲ ਕੇ ਮੁਰਦਿਆਂ ਦੇ ਮੂਹਾਂ ਵਿਚੋਂ ਰੁਪਏ ਕਢੇ, ਚਾਲੀ ਗੰਜ ਜੋੜ ਕੇ ਬੇਅਥਾਹ ਮਾਇਆ ਇਕਠੀ ਕੀਤੀ, ਫਿਰ ਜਦੋਂ ਮੌਤ ਹੋਈ ਜਨਾਜੇ ਉਪਰ ਪਾਏ ਗਏ ਕਫਣ ਵਿਚੋਂ ਹੱਥ ਬਾਹਰ ਕੱਢ ਕੇ ਮੁਠੀਆਂ ਖੋਲ੍ਹ ਦਿਤੀਆਂ ਗਈਆਂ ਤਾਂ ਫਿਰ ਲੋਕ ਸਮਝ ਲੈਣ ਕਿ ਇਕ ਧੇਲਾ ਵੀ ਨਾਲ ਨਾ ਜਾ ਸਕਿਆ।

ਪੰਜਵੀਂ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਮਨੁੱਖਤਾ ਨੂੰ ਨਾਸ਼ਮਾਨਤਾ ਤੋਂ ਸੁਚੇਤ ਕਰਾਇਆ ਹੈ। ਪਰਮਾਤਮਾ ਨੇ ਦੁਨੀਆਂ ਨੂੰ ਪੈਦਾ ਹੀ ਕੀਤਾ ਇਥੋਂ ਖਤਮ ਹੋਣ ਕਰਕੇ ਹੈ। ਇਹ ਏਥੋਂ ਚਲਣਹਾਰ ਹੈ - ਦੁਨੀਆਂ ਤਾਂ ਇਸ ਤਰਾਂ ਖਿਸਕਦੀ ਹੈ ਜਿਸ ਤਰਾਂ ਰੇਤ ਦੀਆਂ ਕੰਧਾਂ ਦੇ ਬਣੇ ਹੋਏ ਘਰ ਨੂੰ ਡਿਗਦਿਆਂ ਦੇਰ ਨਹੀਂ ਲਗਦੀ। ਇਕ ਬੂੰਦ ਪਾਣੀ ਦੀ ਲਗਣ ਨਾਲ ਕਾਗਜ਼ ਖਤਮ ਹੋ ਜਾਂਦਾ ਹੈ। ਗੁਰੂ ਜੀ ਮਨ ਨੂੰ ਪ੍ਰਸ਼ਨ ਕਰਦੇ ਹਨ, ਮਨਾ ਤੂੰ ਸੋਚ ਕੇ ਦੇਖ ਹੈ ਕੋਈ ਤਿਆਗੀ ਜਿਹੜਾ ਏਥੇ ਪੈਰ ਗਡ ਕੇ ਬੈਠਾ ਹੈ। ਅਗਲੀ ਮਿਸਾਲ ਮੂਰਖ ਮਨ ਨੂੰ ਦਿੰਦੇ ਹਨ। ਤੈਨੂੰ ਜੋ ਵਸਤੂ ਨਜ਼ਰ ਆਉਂਦੀ ਹੈ ਇਹ ਤਾਂ ਤੁਰਨ ਦੀ ਤਿਆਰੀ ਵਿਚ ਹੈ। ਸੁਪਨਾ ਵੀ ਪਲਾਂ ਲਈ ਹੁੰਦਾ ਹੈ। ਪਲਕਾਂ ਖੋਲਦਿਆਂ ਹੀ ਸਭ ਕੁਝ ਪਰਾਇਆ ਹੁੰਦਾ ਹੈ। ਮਨਾ ਤੂੰ ਅੱਖਾਂ ਖੋਲ੍ਹ ਕੇ ਦੇਖ ਭਰਾ, ਦੋਸਤ ਇਹ ਤਾਂ ਆਪਣੀ ਵਾਰੀ ਦੀ ਉਡੀਕ ਵਿਚ ਹਨ । ਮੌਤ ਨੇ ਇਹਨਾਂ ਨੂੰ ਵੀ ਆਪਦੇ ਕਲਾਵੇ ਵਿਚ ਆ ਲੈਣਾ ਹੈ। ਜਿਹੜੇ ਮੌਤ ਦੀ ਵਾਰੀ ਦੀ ਉਡੀਕ ਕਰਦੇ ਹਨ ਉਹਨਾਂ ਵਿਚੋਂ ਬਹੁਤੇ ਤਾਂ ਤੁਰ ਗਏ ਹਨ । ਮੁਕਤੀ ਦੀ ਪ੍ਰਾਪਤੀ ਤਾਂ ਉਸ ਨੂੰ ਮਿਲਣੀ ਹੈ ਜਿਨ੍ਹਾਂ ਨੇ ਵਾਹਿਗੁਰੂ ਦੀ ਭਗਤੀ ਕੀਤੀ ਹੈ। ਉਹ ਆਪਦੇ ਭਗਤਾਂ ਦੀ ਆਖ ਰਖਿਆ ਕਰਦਾ ਹੈ। ਜਿਵੇਂ ਪ੍ਰਾਹਲਾਦ ਦੀ ਰੱਖਿਆ ਕੀੜੀ ਦਾ ਰੂਪ ਧਾਰਨ ਕਰਕੇ ਕੀਤੀ ਸੀ। ਜਿਵੇਂ:
ਮ੍ਰਿਤ ਮੰਡਲ ਜਗ ਸਾਜਿਆ ਜਿਉ ਬਾਲੂ ਘਰਬਾਰਾ॥
ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰਾ॥ .....
ਦ੍ਰਿਸ਼ਟਿਮਾਨੁ ਸਭੁ ਬਿਨਸੀਐ ਰਹਿਆ ਲਗਹਿ ਗਵਾਰਾ॥.... (ਬਿਲਾਵਲ 5,5-1 ਪੰ, 808)

ਮਾਨਵ ਦਾ ਜੋ ਅਸਲੀ ਫਰਜ਼ ਹੈ ਜਿਸ ਨੇ ਸਾਥ ਦੇਣਾ ਹੈ ਉਹ ਹੈ ਸਰਬ ਕਲਾ ਸਮਰੱਥ ਵਾਹਿਗੁਰੂ ਦੀ ਭਗਤੀ। ਧੀਆਂ ਪੁਤਰਾਂ ਦੀ ਮਾਇਆ, ਸੰਸਾਰ ਦੀ ਮਾਇਆ ਦੇ ਨਾਲ ਨਾਲ ਦੁਨੀਆਂ ਦੀ ਐਸ਼ੋ ਇਸ਼ਰਤ ਨੂੰ ਸੁਪਨਾ ਸਮਝ ਕੇ ਮਾਣ ਕਰਨਾ ਛਡ ਦੇ। ਧਰਤੀ ਦਾ ਰਾਜ ਰੇਤ ਦੀ ਕੰਧ ਦੀ ਤਰਾਂ ਹੈ। ਜਿਦੋਂ ਉਮਰ ਢਲ ਰਹੀ ਹੈ ਉਸ ਤਰਾਂ ਜਮਾਂ ਦਾ ਹੁਕਮ ਨੇੜੇ ਆ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਨੂੰ ਸਮਝਾਉਣ ਲਈ ਪ੍ਰੇਰਿਆ ਹੈ।
ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥
ਮਾਇਆ ਕੋ ਸੰਗੁ ਤਿਆਗਿ ਪ੍ਰਭ ਜੂ ਕੀ ਸਰਨਿ ਲਾਗੁ
ਜਗਤ ਸੁਖ ਮਾਨੁ ਸਿਖਿਆ ਝੂਠੋ ਸਭ ਕਾਜੁ ਹੈ॥ (ਜੈਜਾਵੰਤੀ 9, 5-1, ਪੰ, 1352)

ਨਾਸ਼ਮਾਨਤਾ ਨੂੰ ਕਬੀਰ ਜੀ ਨੇ ਵੀ ਸਚਾਈ ਦੇ ਰੂਪ ਵਿਚ ਲਿਆ ਹੈ। ਇਹ ਜਗ ਚਾਹਰ ਸਚਾਈ ਹੈ ਕਿ ਅੱਖ ਦੇ ਫਰਕਣ ਵਿਚ ਮੌਤ ਦੇ ਪੰਜੇ ਨੇ ਤੇਰੇ ਉਪਰ ਹੱਲਾ ਬੋਲਣਾ ਹੈ। ਮਨ ਬੇਈਮਾਨ ਇਹ ਸਭ ਕੁਝ ਜਾਣਦਾ ਹੋਇਆ ਵੀ ਅਣਜਾਣ ਬਣਿਆ ਹੋਇਆ ਹੈ। ਜਮਾਂ ਤੇ ਹੁਕਮ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਹੁਣ ਇਹ ਜੰਜਾਲਾਂ ਵਿਚ ਇਤਨਾ ਗਲਤਾਨ ਹੋਇਆ ਜਮਾਂ ਦਾ ਕੋਈ ਡਰ ਨਹੀਂ ਸਮਝਦਾ।
ਕਬੀਰ ਆਖੀ ਕੋਰੇ ਮਾਟੁਕੇ ਪਲੁ ਪਲੁ ਗਈ ਬਿਹਾਇ॥
ਮਨੁ ਜੰਜਾਲ ਨ ਛੋਡਈ ਜਮ ਦੀਆ ਦਮਾਮਾ ਆਇ॥ ਸਲੋਕ, ਕਬੀਰ, (227), ਪੰ, 1376)

ਗੁਰੂ ਅਰਜਨ ਦੇਵ ਜੀ ਅਨੁਸਾਰ ਸਭ ਤੋਂ ਸੁਰੱਖਿਅਤ ਜਾਣੀ ਜਾਣ ਵਾਲੀ ਇੰਦਰ ਲੋਕਾਂ ਦੀ ਰਾਜ ਕਚਿਹਰੀ ਸ਼ਿਵਪੁਰੀ ਬ੍ਰਹਮਪੁਰੀ ਨੇ ਵੀ ਖਤਮ ਹੋਣਾ ਹੈ। ਬੇਤਾਲ ਹੋਈ ਸੁਰ ਵਾਂਗ ਮਾਇਆ ਵਿਚ ਫਸੇ ਹੋਇ ਲੋਕ ਇਸ ਨੂੰ ਸਮਝਦੇ ਨਹੀਂ। ਪਹਾੜ, ਰੁੱਖ, ਧਰਤੀ, ਸੂਰਜ, ਚੰਨ, ਅੱਗ, ਪਵਿਤਰ ਸਮਝ ਕੇ ਰੱਖੇ ਜਾਂਦੇ ਵਰਤਾਂ ਦੇ ਦਿਨਾਂ ਵਿਚਲੇ ਅੰਤਰ ਛੇ ਸ਼ਾਸਤਰ, ਦੇਵਤੇ, ਤੀਰਥ, ਮਸੀਤ ਪੋਥੀ, ਸੁਚੀ ਰਸੋਈ, ਝੂਠੀ ਦੁਨੀਆਂ, ਚਾਰ ਵਰਨਾਂ ਵਿਚ ਅਨੇਕਾਂ ਤਰਾਂ ਦੀਆਂ ਜੂਨਾਂ ਵਾਲੇ ਪਸ਼ੂ ਪੰਛੀ, ਮਨੁੱਖੀ ਜਾਤੀਆਂ ਦਾ ਪਸਾਰਾ ਸਭ ਕੁਝ ਏਥੋਂ ਜੁਦਾ ਹੋਣ ਵਾਲਾ ਹੈ; ਇੰਦਰਪੁਰੀ ਮਹਿ ਸਰਪਰ ਮਰਨਾ ਬ੍ਰਹਮਪੁਰੀ ਨਿਹਚਲੁ ਨਹੀਨ ਰਹਣਾ।
ਸ਼ਿਵਪੁਰੀ ਕਾ ਹੋਏਗਾ ਕਾਲਾ। ਤੈ ਗੁਣ ਮਾਇਆ ਬਿਨਸਿ ਬਿਤਾਲਾ। .....
ਸਗਲ ਪਾਸਾਰ ਦੀਸੈ ਪਾਸਾਰਾ॥ ਬਿਨਸਿ ਜਾਇਗੇ ਸਗਲ ਆਕਾਰਾ॥ ਗੁਜ਼ੀ 5 ਅ-4, ਪੰ, 237

ਭਗਤ ਰਵਿਦਾਸ ਜੀ ਦੀ ਇਹੋ ਸੋਚ ਹੈ। ਸੂਰਜ ਦੇ ਚੜ੍ਹਨ ਨਾਲ ਜੋ ਦਿਨ ਚੜ੍ਹਦਾ ਹੈ ਉਹ ਸੂਰਜ ਦੇ ਅਸਤ ਹੋਣ ਤੇ ਖਤਮ ਹੋ ਜਾਂਦਾ ਹੈ।ਇਹ ਇਕ ਚੱਕਰ ਹੈ ਦਿਨਾਂ ਦਾ ਜੋ ਖਤਮ ਹੋ ਰਿਹਾ ਹੈ। ਫਿਰ ਇਹ ਸਰੀਰ ਸਦੀਵੀ ਨਹੀਂ । ਸਾਡਾ ਸਾਥ ਜਾ ਰਿਹਾ ਹੈ ਅਸੀਂ ਵੀ ਉਥੇ ਜਾਣਾ ਹੈ।ਮੌਤ ਖੜੀ ਆਵਾਜ਼ਾਂ ਮਾਰ ਰਹੀ ਹੈ:
ਜੋ ਦਿਨ ਆਵੈ ਸੋ ਦਿਨ ਜਾਹੀ। ਕਰਨਾ ਕੂਚ ਰਹਨੁ ਥਿਰ ਨਾਹੀ॥
ਸੰਗਿ ਚਲਤ ਹੈ ਹਮ ਭੀ ਚਲਨਾ ਦੂਰ ਗਵਨੁ ਸਿਰ ਉਪਰਿ ਮਰਨਾ॥ (ਸੂਹੀ, ਰਵਿਦਾਸ, 5-2, ਪੰ, 793)

ਬਾਬਾ ਫਰਦਿ ਜੀ ਨੇ ਵੀ ਮਨੁਖ ਨੂੰ ਵਾਸਤਾ ਪਾ ਕੇ ਬਹੁਤੀ ਪਾਈ ਹੈ। ਆਪਣੇ ਸ਼ਬਦਾਂ ਅਤੇ ਸ਼ਲੋਕਾਂ ਵਿਚ ਨਾਸ਼ਮਾਨਤਾ ਨੂੰ ਬਹੁਤ ਨੇੜਿਉਂ ਦਰਸਾਇਆ ਹੈ। ਫਰੀਦ ਜੀ ਨੇ ਜ਼ਮੀਨ ਅਤੇ ਆਸਮਾਨ ਦੇ ਵਾਰਤਾਲਾਪ ਦੁਆਰਾ ਦਰਸਾਇਆ ਹੈ, ਜ਼ਮੀਨ ਆਸਮਾਨ ਨੂੰ ਪੁਛਦੀ ਹੈ ਕਿ ਕਿਨੇ ਮਲਾਹ ਏਥੋਂ ਤੁਰ ਗਏ ਹਨ, ਸਭ ਕਬਰਾਂ ਵਿਚ ਪਏ ਝਿੜਕਾਂ ਲੈ ਰਹੇ ਹਨ।
ਜ਼ਿਮੀਂ ਪੁਛੈ ਆਸਮਾਨ ਫਰੀਦਾ ਖੇਵਟ ਕਿੰਨਿ ਗਏ।
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥

ਖਤਮ ਹੋ ਜਾਣ ਦੇ ਨਿਸ਼ਾਨੇ ਨੂੰ ਲੈਕੇ ਵਡੇ ਸ਼ੇਖ ਅਲੀਏ, ਕਾਜ਼ੀਆਂ ਜਿਹੇ ਧੜਲੇ ਵਾਲੇ ਲੋਕਾਂ ਨੂੰ ਦੁਨੀਆਂ ਤੋਂ ਕੂਚ ਕਰਨਾ ਪਿਆ। ਆਪਣੀਆਂ ਮਲਕੀਅਤਾਂ ਸਮਝਣ ਵਾਲੇ ਇਥੋਂ ਹਵਾ ਦੇ ਬੁਲੇ ਵਾਂਗ ਮੌਤ ਦੇ ਅੱਗੇ ਸ਼ਿੰਧੇ ਹੋ ਤੁਰੇ।
ਸ਼ੇਖ ਹੈਯਾਤੀ ਜਗਿ ਨ ਕੋਈ ਥਿਰ ਰਹਿਆ।
ਜਿਸ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥ (ਆਸਾ, ਫਰੀਦ, 5-2, ਪੰ, 488)

ਇਕ ਹੋਰ ਕਮਾਲ ਦੀ ਗਲ ਕਰਦਿਆਂ ਦਸਿਆ ਹੈ ਕਿ ਆਮ ਆਦਮੀ ਆਪਣੀ ਸਾਰੀ ਜ਼ਿੰਦਗੀ ਮੋਰੀ ਮੋਰੀ ਵਿਚ ਲੰਘਾ ਦਿੰਦਾ ਹੈ। ਅੱਧੀ ਅੱਧੀ ਸਦੀ ਇਕ ਪਰਵਾਰ ਵਿਚ ਪਲਿਆ ਹੋਇਆ ਖੂਨ ਵੀ ਕਿਸੇ ਦੇ ਹਥੀਂ ਚੜਕੇ ਲਾਲਾਚ ਵਿਚ ਇਥੋਂ ਤੱਕ ਗਿਰ ਜਾਂਦਾ ਹੈ ਕਿ ਉਹ ਸਭ ਖੂਨੀ ਸਾਂਝਾਂ ਅਤੇ ਪਰਿਵਾਰਿਕ ਸਾਂਝਾਂ ਪਲਾਂ ਵਿਚ ਲਾਲਚ ਦੀ ਭੇਟ ਚੜ੍ਹਾਕੇ ਅਹਿਸਾਨ ਫਰਾਮੋਸ਼ ਹੋ ਜਾਂਦਾ ਹੈ। ਆਤਮਾ ਦੇ ਸਾਹਮਣੇ ਆਪ ਹੀ ਸਿਰ ਨੀਵਾਂ ਕਰਕੇ ਆਪਣਿਆ ਨਾਲ ਅੱਖ ਲੜਾਉਣ ਤੋਂ ਕੰਨੀਂ ਕਤਰਾਉਂਦਾ ਹੈ। ਕਚਿਹਰੀਆਂ ਵਿਚ ਮੁਕੱਦਮੇ ਹਾਰਦਾ ਜਿਤਦਾ ਕਈਆਂ ਪੁਸ਼ਤਾਂ ਨੂੰ ਇਸ ਦੀ ਬਲੀ ਚੜ੍ਹਾ ਦਿੰਦਾ ਹੈ ਭਾਵੇਂ ਆਪਦਾ ਪਿਛੋਂ ਨਾਮੋ ਨਿਸ਼ਾਨ ਨਾ ਰਹੇ। ਪਰ ਜਗਾਹ ਕਿਨੀਂ ਮਿਲਣੀ ਹੈ? ਕਬੀਰ ਜੀ ਦਾ ਫੈਸਲਾ ਹੈ :
ਕਬੀਰ ਕੋਠੇ ਮੰਡਪ ਹੇਤ ਕਰ ਕਾਹੇ ਮਰਹੁ ਸਵਾਰਿ ॥
ਕਾਰਜੁ ਸਾਢੇ ਤੀਨ ਹੱਥ ਘਨੀ ਤ ਪਉਨੇ ਚਾਰ ॥ (ਆਸਾ ਫਰਦਿ, ਪੰਨਾ 488)

ਬੁਢੇਪੇ ਵਾਲੀ ਅਵਸਥਾ ਦੁਆਰਾ ਵੀ ਇਹੋ ਇਸ਼ਾਰਾ ਕੀਤਾ ਹੈ। ਬੰਦਿਆ ! ਹੁਣ ਤਾਂ ਦੰਦ ਵੀ ਡਿਗ ਪਏ ਹਨ , ਪੈਰ ਵੀ ਪਾਸਾ ਵੱਟੀ ਬੈਠੇ ਹਨ, ਦਿਨੇ ਤਾਰੇ ਵੇਖਣ ਵਾਲੀ ਨਿਗਾਹ, ਮਾਝੇ ਰੰਗੇ ਬੋਲ ਸੁਣਨ ਵਾਲੇ ਕੰਨ ਵੀ ਹੁਣ ਕਿਨਾਰਾ ਕਰ ਚਲੇ ਹਨ। ਉਹ ਦੁਨੀਆਂ ਜਿਸ ਨੂੰ ਸਾਰੀ ਉਮਰ ਆਪਦੀ ਬਣਾਇਆ ਹੋਇਆ ਸੀ...
ਗੰਢੇਦਿਆ ਛਿਅ ਮਾਹ ਤੁਡੰਦਿਆ ਹਿਕੁ ਖਿਨੋ ॥ (ਆਸਾ, ਫਰੀਦ, 5-2 ਪੰ, 488)

ਇਸ ਤਰਾਂ ਅਸੀਂ ਗੁਰਬਾਣੀ ਦੇ ਫਲਸਫੇ ਦੁਆਰਾ ਨਾਸ਼ਮਾਨਤਾ ਨੂੰ ਸਮਝ ਸਕਦੇ ਹਾਂ। ਵਾਹਿਗੁਰੂ ਦੇ ਨਾਮ ਤੋਂ ਬਿਨਾਂ ਕੁਝ ਵੀ ਇਥੇ ਰਹਿਣ ਵਾਲਾ ਨਹੀਂ। ਫਿਰ ਇਹ ਬੰਦੇ ਦੀ ਬੇਸਮਝੀ ਹੈ ਕਿ ਜਾਣਦਿਆਂ ਹੋਇਆ ਵੀ ਅਣਜਾਣ ਬਣਿਆ ਹੋਇਆ ਹੈ। ਗੁਰਬਾਣੀ ਦੇ ਸਿਧਾਂਤ ਨੂੰ ਸਮਝ ਕੇ ਜਮਾਂ ਦੇ ਫੰਦੇ ਤੋਂ ਬਚ ਸਕਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਫੈਸਲੇ ਉਪਰ ਕੋਈ ਕਿੰਤੂ ਨਹੀਂ :

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ। (ਸਲੋਕ 9, (52), ਪੰ 1429)

ਵਿਦੇਸ਼ਾਂ ਵਿਚ ਸਾਡੇ ਲਈ ਪੰਜਾਬੀ ਭਾਸ਼ਾ ਕਿਉਂ ਜ਼ਰੂਰੀ ਹੈ ?



ਗੁਰਦੇਵ ਸਿੰਘ ਧਾਲੀਵਾਲ, ਵਾਈਸ ਪ੍ਰਿੰਸੀਪਲ, ਦਸਮੇਸ਼ ਪੰਜਾਬੀ ਸਕੂਲ ਐਬਟਸਫੋਰਡ। ਬੀ.ਸੀ.

ਦੇਸ ਹੋਵੇ ਜਾਂ ਪਰਦੇਸ ਹਰ ਵਿੱਅਕਤੀ ਲਈ ਆਪਣੀ ਮਾਂ ਬੋਲੀ ਦੀ ਬਹੁਤ ਮਹੱਤਤਾ ਹੈ। ਹਰ ਕੋਈ ਇਸ ਦੀ ਪਰਫੁਲਤਾ ਲੋਚਦਾ ਹੈ। ਪੰਜਾਬੀ ਦੇ ਪ੍ਰਸਿੱਧ ਕਵੀ ਬਾਬੂ ਫੀਰੋਜ਼ਦੀਨ ਸ਼ਰਫ ਨੇ ਪੰਜਾਬੀ ਬੋਲੀ ਦੇ ਪਿਆਰ ਨੂੰ ਆਪਣੇ ਸ਼ਬਦਾਂ ਵਿਚ ਇਸ ਤਰਾਂ ਬਿਆਨ ਕੀਤਾ ਹੈ:

ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ,
ਆਸ਼ਕ ਮੁੱਢੋਂ ਹੀ ਏਸ ਉਮੰਗ ਦਾ ਹਾਂ।
ਵਾਰਸ ਸ਼ਾਹ ਤੇ ਬੁਲ੍ਹੇ ਦੇ ਰੰਗ ਅੰਦਰ,
ਡੋਬ ਡੋਬ ਕੇ ਜ਼ਿੰਦਗੀ ਰੰਗਦਾ ਹਾਂ।
ਮੈਂ ਪੰਜਾਬੀ, ਪੰਜਾਬ ਦਾ ਸ਼ਰਫ ਸੋਵਰ, ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।

ਮਾਂ ਬੋਲੀ ਸਮੁੱਚੇ ਭਾਈ ਚਾਰੇ ਨੂੰ ਜੋੜਦੀ ਹੈ। ਇਹ ਲੋਕਾਂ ਨੂੰ ਸ਼ਨਾਖਤ ਪ੍ਰਦਾਨ ਕਰਦੀ ਹੈ ਅਤੇ ਸਵੈ ਮਾਣ ਬਖਸ਼ਦੀ ਹੈ। ਜੇਕਰ ਅਸੀਂ ਪ੍ਰਦੇਸਾਂ ਵਿਚ ਆਪਣੀ ਮਾਂ ਬੋਲੀ ਨੂੰ ਭੁਲਾ ਦਿੰਦੇ ਹਾਂ, ਤਾਂ ਸਾਡੀ ਪਛਾਣ ਬਹੁਤ ਛੇਤੀ ਖਤਮ ਹੋ ਜਾਵੇਗੀ। ਸੱਚ ਜਾਣੋ ਆਪਾਂ ਆਪਣੀ ਮਾਂ ਬੋਲੀ ਅਤੇ ਸਭਿਆਚਾਰ ਤੋਂ ਨਿਖੜ ਕੇ ਬ੍ਰਿਛੋਂ ਟੁਟੇ ਪਤਿਆਂ ਵਾਂਗ ਮਰ ਮਿਟ ਜਾਵਾਂਗੇ। ਮਾਂ ਬੋਲੀ ਲਈ ਮਨੁੱਖੀ ਵਿਚਾਰ :
ਮਾਂ ਬੋਲੀ ਜੇ ਭੁੱਲ ਜਾਵਾਂਗੇ ।
ਕੱਖਾਂ ਵਾਂਗੂੰ ਰੁਲ ਜਾਵਾਂਗੇ।

ਮਾਂ ਬੋਲੀ ਮਨੁਖੀ ਵਿਚਾਰ ਵਟਾਂਦਰੇ ਦਾ ਮੁੱਢਲਾ ਰੂਪ ਹੈ। ਇਹ ਸਮਾਜਿਕ ਵਿਕਾਸ ਲਈ ਬਹੁਤ ਜ਼ਰੂਰੀ ਹੈ। ਮਾਂ ਬੋਲੀ ਦੀ ਸਿਖਿਆ ਬਚਿੱਆਂ ਦੀ ਨਿੱਸੀ ਉਨਤੀ ਅਤੇ ਸਭਿਆਚਰਕ ਅਮੀਰੀ ਵਿਚ ਆਪਣਾ ਯੋਗਦਾਨ ਪਾਉਂਦੀ ਹੈ। ਪੰਜਾਬੀ ਬੋਲੀ ਦਾ ਗਿਆਨ ਸਾਡੇ ਵਿਚ ਸਵੈ ਮਾਣ ਅਤੇ ਸਵੈ ਪਛਾਣ ਪੈਦਾ ਕਰਦਾ ਹੈ, ਜਿਸ ਦੇ ਸਿਟੇ ਵਜੋਂ ਨਵੀਂ ਪਨੀਰੀ ਦੇ ਵਿਅੱਕਤੀਗਤ ਅਤੇ ਸਵੈਪੱਖੀ ਵਿਕਾਸ ਲਈ ਰਾਹ ਮੋਕਲਾ ਹੁੰਦਾ ਹੈ।

ਮਾਂ ਬੋਲੀ ਪੜ੍ਹਨ ਨਾਲ ਬੱਚਿਆਂ ਨੂੰ ਗਿਆਨ ਬੋਧ ਦੇ ਮਾਰਗ ਦਾ ਅਨੁਭਵ ਹੁੰਦਾ ਹੈ। ਪੰਜਾਬੀ ਸਿਖਦਿਆਂ ਪ੍ਰਾਪਤ ਕੀਤੇ ਹੁਨਰ ਹੋਰ ਸਿਖਿਆ-ਖੇਤਰਾਂ ਵਿਚ ਸਹਾਈ ਹੁੰਦੇ ਹਨ। ਮਾਂ ਬੋਲੀ ਦੀ ਪੜ੍ਹਾਈ ਨਾਲ ਬੱਚਿਆਂ ਵਿਚ ਸਥਾਨਕ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖੇਤਰਾਂ ਵਿਚ ਤਬਦੀਲੀਆਂ ਲਈ ਤਿਆਰ ਹੋਣ ਦੀ ਸਮਰੱਥਾ ਪ੍ਰਾਪਤ ਹੁੰਦੀ ਹੈ।

ਮਾਂ ਬੋਲੀ ਦਾ ਗਿਆਨ ਮਾਪਿਆਂ ਅਤੇ ਭਾਈਚਾਰੇ ਵਿਚਲੇ ਤਾਲਮੇਲ ਨੂੰ ਪਕਿਆਂ ਕਰਦਾ ਹੈ। ਆਪਣੀ ਮਾਂ ਬੋਲੀ ਦੀ ਪੜ੍ਹਾਈ ਬੱਚੇ ਨੂੰ ਅੰਗਰੇਜ਼ੀ ਅਤੇ ਹੋਰ ਦੂਜੀਆਂ ਭਾਸ਼ਾਵਾਂ ਸਿੱਖਣ ਵਿਚ ਵੀ ਸਹਾਇਤਾ ਕਰਦੀ ਹੈ ਅਤੇ ਅੰਤਰ ਸਭਿਆਚਾਰਕ ਖੇਤਰਾਂ ਵਿਚ ਵਿਚਰਨ ਦਾ ਸਾਹਸ ਪੈਦਾ ਕਰਦੀ ਹੈ। ਪੰਜਾਬੀ ਦੀ ਪੜ੍ਹਾਈ ਪੰਜਾਬ ਵਿਚ ਵਸਦੇ ਆਪਣੇ ਸਾਕ ਸੰਬੰਧੀਆਂ, ਦੋਸਤਾਂ ਮਿਤਰਾਂ ਨਾਲ ਮੇਲ ਲਿਾਪ ਬਣਾਈ ਰੱਖਣ ਵਿਚ ਵੀ ਸਹਾਇਤਾ ਕਰਦੀ ਹੈ। ਅੰਤ ਵਿਚ ਸਿੱਟਾ ਇਹੋ ਨਿਕਲਦਾ ਹੈ ਕਿ ਪੰਜਾਬੀ ਭਾਸ਼ਾ ਵਿਦੇਸ਼ਾਂ ਵਿਚ ਬੱਚੇ ਦੇ ਸਰਵ

ZAMANA '98 FASHION SHOW & SOCIAL EVENING







RANGEELA DANCE SCHOOL

Academy of Indian Arts and Dance

Rangeela Dance School is looking for qualified dance instructors in

Bhangra, Giddha, Film & Classical

Also looking for instructors for Vocal Training, Tabla, Harmonium and Sitar.

Call 504-3114

ZAMANA '98 CONT'D




ਡੈਨਸ ਸਟ੍ਰਾਈਫਲ ਦੀ ਰਿਪੋਰਟ ।

ਜਦੋਂ ਮੈਨੂੰ ਐਡੀ ਸਿੱਧੂ ਨੇ ਪੰਜਾਬੀ ਪਤ੍ਰਿਕਾ ਲਈ ਲਗਾਤਾਰ ਕਾਲਮ ਲਿਖਣ ਲਈ ਕਿਹਾ ਤਾਂ ਮੈਂ ਮਾਣ ਅਨੁਭਵ ਕੀਤਾ। ਮੈਂ ਇਹ ਬਹਾਨਾ ਨਹੀਂ ਕਰਦਾ ਕਿ ਮੈਂ ਇਕ ਨਿਰਪੱਖ ਦਰਸ਼ਕ ਹਾਂ। ਸੋ ਮੈਂ ਆਪਣਾ ਪਹਿਲਾ ਕਾਲਮ ਆਪਣੇ ਮਿੱਤਰ ਤਰਨਜੀਤ ਪੁਰੇਵਾਲ ਨੂੰ ਉਸਦੇ ਮੈਸਕੀ ਐਨ.ਡੀ.ਪੀ.ਦੇ ਪ੍ਰਧਾਨ ਚੁਣੇ ਜਾਣ ਲਈ ਵਧਾਈ ਦੇਣ ਨਾਲ ਸ਼ੁਰੂ ਕਰਦਾ ਹਾਂ। ਤਰਨਜੀਤ ਐਬਟਸਫੋਰਡ ਗੁਰਦੁਆਰਾ ਸਾਹਿਬ ਦਾ ਸਰਗਰਮ ਮੈਂਬਰ ਹੈ ਅਤੇ ਨਿਊ ਡੈਮੋਕਰੈਟਸ ਉਸ ਦੇ ਐਨ.ਡੀ.ਪੀ.ਵਿਚ ਲੀਡਰਸ਼ਿਪ ਰੋਲ ਨੂੰ ਹਰ ਥਾਂ ਜੀ ਆਇਆਂ ਕਹਿੰਦੇ ਹਨ।

ਸੱਤ ਸਾਲ ਪਹਿਲਾਂ ਜਦੋਂ ਮੈਨੂੰ ਮਿਸ਼ਨ-ਕੈਂਟ ਇਲਾਕੇ ਦੀ ਐਨ.ਡੀ.ਪੀ. ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ ਸੀ, ਮੈਂ ਆਪਣੀ ਉਮਰ ਭਰ ਦਾ ਸਿਆਸੀ ਪੇਡਿਤ ਨਹੀਂ ਸਾਂ ਬਣਿਆ। ਮੈਂ ਆਪਣੇ ਲੋਕਾਂ ਲਈ ਸੁਧਾਰ ਕਰਨਾ ਚਾਹੁੰਦਾ ਸਾਂ। ਆਪਣੀ ਯੂਨੀਅਨ ਦਾ ਵਪਾਰੀ ਨੁਮਾਇੰਦਾ ਬਣਨ ਤੋਂ ਪਹਿਲਾਂ ਮੈਂ ਸੋਦਵੇਅ ਵਿਚ 20 ਸਾਲ ਕਲੱਰਕ ਦੀ ਅਸਾਮੀ ਤੇ ਕੰਮ ਕੀਤਾ। ਮੈਂ ਕਈ ਸਾਲ ਮਿਲ੍ਹ ਵਿਚ ਵੀ ਲਾਏ ਹਨ। ਆਪਣੇ ਸਮੇਂ ਵਿਚ ਮੈਨੂੰ ਹੜਤਾਲਾਂ, ਤਾਲਾਬੰਦੀਆਂ ਅਤੇ ਆਰਥਕ ਨਿਵਾਣ ਦਾ ਤਜਰੱਬਾ ਹੋਇਆ ਹੈ। ਮੈਂ ਜਾਣਦਾ ਹਾਂ ਕਿ ਕਿਵੇਂ ਅਚਾਨਕ ਹੀ ਆਮਦਨ ਰਹਿਤ ਹੋਕੇ ਪਰਵਾਰ ਦੀ ਪਾਲਣਾ ਕਰਨੀ ਕਿਨੀ ਮੁਸ਼ਕਲ ਹੁੰਦੀ ਹੈ। ਇਸਤਰਾਂ ਮੈਂ ਪਿਛਲੇ ਮਹੀਨੇ ਮਿਸ਼ਨ ਵਿਚ ਲੇਬਰ ਪਾਰਟੀ ਵਲੋਂ ਸ਼ੋਕ ਐਂਡ ਸ਼ਿੰਗਲ ਫੋਰਮ ਵਿਚ ਸ਼ਾਮਲ ਹੋਇਆ। ਭਾਵੇਂ ਮੈਨੂੰ ਸੱਦਾ ਪੱਤਰ ਨਹੀਂ ਸੀ ਦਿੱਤਾ ਗਿਆ ਪਰ ਇਹ ਹਰ ਤਰਾਂ ਨਾਲ ਖੁਸ਼ੀ ਦਾ ਸਮਾਂ ਸੀ।

ਲਿਬਰਲਜ਼ ਨੇ ਇਸ ਨੂੰ ਸ਼ੋਕ ਐਂਡ ਸ਼ਿੰਗਲ ਕਾਮਿਆਂ ਦੇ ਹਿਤਾਂ ਦੇ ਪਰਗਟਾਵੇ ਦੇ ਫੋਰਮ ਵਜੋਂ ਵਰਤਿਆ। ਫਿਰ ਵੀ ਜੋ ਲੋਕ ਆਏ ਮੈਂ ਉਹਨਾਂ ਨਾਲ ਗਲ ਕੀਤੀ ਉਹ ਬਹੁਤ ਉਦਾਸ ਅਤੇ ਭਰਮ-ਮੁਕਤ ਸਨ। ਮੈਨੂੰ ਕਾਮਿਆਂ ਨੇ ਦਸਿੱਆ ਕਿ ਉਹ ਬਹੁਤ ਆਸ਼ਾਵਾਦੀ ਭਾਵਨਾਵਾਂ ਨਾਲ ਗਏ ਸਨ ਕਿ ਸ਼ਾਇਦ ਗੌਰਡਨ ਕੈਂਬਲ ਕੋਈ ਨਵੇਂ ਵਿਚਾਰ ਜਾਂ ਘਟੋ ਘਟ ਕੋਈ ਸੁਝਾ ਹੀ ਦੇਵੇ। ਇਸ ਦੀ ਥਾ ਜੋ ਕੁਝ ਉਹਨਾਂ ਨੂੰ ਮਿਲਿਆ ਉਹ ਮੇਰੇ ਅਤੇ ਐਨ.ਡੀ.ਪੀ.ਵਰੁਧ ਲੰਮੀ ਚਾਤ੍ਰ ਅਤੇ ਵਣ ਉਦਯੋਗ ਸੰਬੰਧੀ ਬੇਸਮਝੀ ਵਾਲੀ ਅਲੋਚਨਾ ਸੀ। ਉਥੇ ਹਾਜ਼ਰ ਲੋਕਾਂ ਨੂੰ ਛੇਤੀ ਹੀ ਪਤਾ ਲਗ ਗਿਆ ਕਿ ਕੈਂਬਲ ਨੂੰ ਵਣ ਉਦਯੋਗ ਸੰਬੰਧੀ ਕੋਈ ਪਤਾ ਨਹੀਂ। ਬਹੁਤ ਸਾਰੇ ਕਾਮੇ ਜੋ ਉਸ ਸਮੇਂ ਹਾਜ਼ਰ ਸਨ ਉਹਨਾਂ ਮੈਨੂੰ ਦਸਿਆ ਕਿ ਕੈਂਬਲ ਬਹੁਤ ਨਿਰਦਈ ਅਤੇ ਟਾਲਣ ਵਾਲਾ ਸੀ। ਹੁਣ ਸਮਾਂ ਹੈ ਕਿ ਉਸ ਦੇ ਵਿਚਾਰਾਂ ਨੂੰ ਬਾਹਰ ਲਿਆਂਦਾ ਜਾਵੇ ਅਤੇ ਪੜਤਾਲਿਆ ਜਾਵੇ।

ਉਹ ਜੋ ਵਿਚਾਰ ਲੈਕੇ ਆਇਆ ਉਹ ਹਾਸੋਹੀਣੇ ਸਨ । ਉਸ ਨੇ ਤਰਲੇ ਨਾਲ ਕਿਹਾ ਬਹੁਤ ਘਟ ਰੇਟ! ਬਹੁਤ ਖੁਬ ਗੌਰਡਨ, ਫਿਰ ਤੁਸੀਂ ਕੀ ਕਰੋਗੇ ਜਦੋਂ ਅਮਰੀਕਨਾਂ ਨੇ ਬਾਰਡਰ ਦੇ ਦੂਜੇ ਪਾਸੇ ਸਾਡੀ ਲੱਕੜ ਤੇ ਟੈਕਸ ਲਾਕੇ ਸਾਡੇ ਵਣ ਡਾਲਰਾਂ ਨੂੰ ਆਪਣੇ ਬੋਚੇ ਪਾ ਲਿਆ ? ਉਸ ਨੇ ਕਿਹਾ ਪਰਵਾਣ ਯੋਗ ਸਾਲਾਨਾ ਕਟਾਈ ਨੂੰ ਵਧਾ ਦੇਵੋ। ਅਸੀਂ ਆਉਣ ਵਾਲੀਆਂ ਨਸਲਾਂ ਲਈ ਸ਼੍ਰਿਛ ਕਿਥੋਂ ਲਵਾਂਗੇ ?

ਕੀ ਉਹ ਕਹਿ ਰਿਹਾ ਸੀ ਕਿ ਅਸੀਂ ਵਾਤਾਵਰਨ ਅਤੇ ਪਰੱਸਥਿਤੀ ਦੀਆਂ ਸਮਸਿੱਆਵਾਂ ਤੋਂ ਮੂੰਹ ਮੋੜ ਲਈਏ ਅਤੇ ਜੰਗਲੀ ਪੈਦਾਵਾਰ ਲਈ ਸਿਅਸੀ ਬਾਈਕਾਟ ਦਾ ਸਾਹਮਣਾ ਕਰੀਏ। ਉਸ ਨੇ ਕਦੇ ਵੀ ਏਸ਼ੀਅਨ ਮਾਰਕਿਟ ਦੇ ਬਲੇ ਜਾਣ ਦਾ ਕਦੇ ਕੋਈ ਹੱਲ ਨਹੀਂ ਸੁਝਾਇਆ। ਗੌਰਡਨ ਕੈਂਬਲ ਨੂੰ
ਬਾਹਰ ਨਿਕਲ ਕੇ ਅਸਲੀ ਦੁਨੀਆਂ ਵਿਚ ਆਉਣ ਦੀ ਲੋੜ ਹੈ।

